People's Herald

People's Herald



Rs- 100/month

# "ਇਕੁਐਲਿਟੀ ਐਂਡ ਜਸਟਿਸ"



https://www.facebook.com/profile.php?id=161037521061610

"Equality and Justice"

स्वतंत्रता, समानता, भाईचारा

PATIALA On line paper 27 ਜੂਨ 2025 ਸ਼ੁੱਕਰਵਾਰ "ਰੋਜ਼ਾਨਾ" ਸਾਲ ਚੌਥਾ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay- 91-9780634849) HARDIP SINGH STATE BANK OF INDIA ACCT NO-10566643658 . IFSC- SBIN0050773

## ਸਿਧਾਰਥ ਗੌਤਮ ਬੁੱਧ ਦੇ ਧਮ ਦੇ ਸਿਧਾਂਤ ਸਭ ਲਈ ਸੁੱਖ, ਸ਼ਾਂਤੀ ਅਤੇ ਵਿਕਾਸ ਦੇ ਮਾਰਗ ਦੀਆਂ ਔਕੜਾਂ ਨੂੰ ਸਾਫ ਕਰ ਦਿੰਦੇ ਹਨ, ਇਹ ਸਿਧਾਂਤ ਵਿਸ਼ਵ ਸ਼ਾਂਤੀ ਸਥਾਪਿਤ ਕਰ ਸਕਦੇ ਹਨ

**"ਇਕੁਐਲਿਟੀ ਐਂਡ ਜਸਟਿਸ" ਪਟਿਆਲਾ** -ਸਿਧਾਰਥ ਗੌਤਮ ਬੁੱਧ ਦੇ ਦਿੱਤੇ ਇਹ ਬੁਨਿਆਦੀ ਸਿਧਾਂਤ ਸਮੁੱਚੇ ਸੰਸਾਰ ਵਿੱਚ ਸੁੱਖ, ਸਾਂਤੀ ਅਤੇ ਵਿਕਾਸ ਦੇ ਮਾਰਗ ਰਾਹ ਸਾਫ ਕਰ ਦਿੰਦੇ ਹਨ। ਮੁੱਢਲੇ ਪੰਜ 'ਪੰਚਸ਼ੀਲ' ਸਿਧਾਂਤ ਹੇਠਾਂ ਦਿੱਤੇ ਗਏ ਹਨ ਨੂੰ ਅਪਣਾ ਕੇ ਹਰ ਮਨੁੱਖ ਦੇ 'ਮਨ ਦੀ ਸਮਾਧੀ' ਲੱਗ ਜਾਣੀ ਚਾਹੀਦੀ ਹੈ:

1. ਆਹਿੰਸਾ- ਕਿਸੇ ਨੂੰ ਸਰੀਰਕ ਨੁਕਸਾਨ ਨਾਂ ਪਹੁੰਚਾਉਣਾ, ਹਰ ਇਕ ਜੀਵਨ ਦਾ ਸਤਿਕਾਰ ਕਰਨਾ
2. ਚੋਰੀ ਨਹੀਂ ਕਰਨਾ- ਦੂਸਰਿਆਂ ਦੀ ਜਾਇਦਾਦ ਅਧਿਕਾਰ ਦੀ ਕਦਰ ਕਰਨਾ
3. ਵਿਬਚਾਰ ਨਾਂ ਕਰਨਾ- ਕੋਈ ਜਿਨਸੀ ਦੁਰਵਿਹਾਰ ਜਾਂ ਅਪਰਾਧ ਨਾਂ ਕਰਨਾ
4. ਝੂਠ ਨਹੀਂ ਬੋਲਣਾ- ਆਪਣੇ ਆਚਾਰ,ਵਿਚਾਰ, ਵਿਵਹਾਰ ਵਿੱਚ ਇਮਾਨਦਾਰੀ ਬਣੇ ਰਹਿਣਾ
5. ਨਸ਼ਾ ਨਹੀਂ ਕਰਨਾ- ਕੋਈ ਨਸ਼ਾ ਨਹੀਂ ਕਰਨਾ, ਮਨ ਦਾ ਦਸ਼ਾ ਦਿਸ਼ਾ ਵਿਗਾੜ ਦੇ ਸਾਧਨਾਂ ਤੋਂ ਦੂਰੀ, ਮਨ ਸ਼ੁੱਧ ਰਖਣਾ ਅਤੇ ਸਾਫ਼ ਮਨ ਦਾ ਸਤਿਕਾਰ ਕਰਨਾ



## ਸੰਵਿਧਾਨ ਸਰਵਉੱਚ ਹੈ, ਸੰਸਦ ਨਹੀਂ: ਸੀਜੇਆਈ ਗਵਈ, ਕਿਹਾ- ਲੋਕਤੰਤਰ ਦੇ ਤਿੰਨੋਂ ਹਿੱਸੇ ਇਸ ਦੇ ਅਧੀਨ ਹਨ

### 'ਸੰਸਦ ਕੋਲ ਸੋਧ ਕਰਨ ਦੀ ਸ਼ਕਤੀ ਹੈ, ਪਰ ਬੁਨਿਆਦੀ ਢਾਂਚੇ ਨੂੰ ਨਹੀਂ ਬਦਲ ਸਕਦੀ'

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 26 ਜੂਨ INTERNATIONAL PAPER, 94636 01616 hardipchumber57@gmail.com

ਭਾਰਤ ਦੇ ਚੀਫ਼ ਜਸਟਿਸ ਬੀ.ਆਰ. ਗਵਈ ਨੇ ਕਿਹਾ ਕਿ ਭਾਰਤ ਦਾ ਸੰਵਿਧਾਨ ਸਰਵਉੱਚ ਹੈ। ਸਾਡੇ ਲੋਕਤੰਤਰ ਦੇ ਤਿੰਨੋਂ ਅੰਗ (ਨਿਆਂਪਾਲਿਕਾ, ਕਾਰਜਪਾਲਿਕਾ ਅਤੇ ਵਿਧਾਨਪਾਲਿਕਾ) ਸੰਵਿਧਾਨ ਦੇ ਅਧੀਨ ਕੰਮ ਕਰਦੇ ਹਨ। ਸੀਜੇਆਈ ਗਵਈ ਨੇ ਕਿਹਾ ਕਿ ਕੁਝ ਲੋਕ ਕਹਿੰਦੇ ਹਨ ਕਿ ਸੰਸਦ ਸਰਵਉੱਚ ਹੈ, ਪਰ ਮੇਰੇ ਵਿਚਾਰ ਵਿੱਚ ਸੰਵਿਧਾਨ ਸਰਵਉੱਚ ਹੈ।

ਸੁਪਰੀਮ ਕੋਰਟ ਦੇ 52ਵੇਂ ਸੀਜੇਆਈ ਵਜੋਂ ਸਹੁੰ ਚੁੱਕਣ ਵਾਲੇ ਜਸਟਿਸ ਗਵਈ ਆਪਣੇ ਜੱਦੀ ਸ਼ਹਿਰ ਅਮਰਾਵਤੀ ਵਿੱਚ ਆਪਣੇ ਸਨਮਾਨ ਸਮਾਰੋਹ ਵਿੱਚ ਬੋਲ ਰਹੇ ਸਨ। ਸੀਜੇਆਈ ਗਵਈ ਨੇ ਕਿਹਾ ਕਿ ਸੰਸਦ ਕੋਲ ਸੋਧ ਕਰਨ ਦੀ ਸ਼ਕਤੀ ਹੈ, ਪਰ ਇਹ ਸੰਵਿਧਾਨ ਦੇ ਮੂਲ ਢਾਂਚੇ ਨੂੰ ਨਹੀਂ ਬਦਲ ਸਕਦੀ। ਸੀਜੇਆਈ ਗਵਈ ਨੇ ਕਿਹਾ ਕਿ ਇੱਕ ਜੱਜ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਕਿ ਸਾਡਾ ਇੱਕ ਫਰਜ਼ ਹੈ, ਅਤੇ ਅਸੀਂ ਨਾਗਰਿਕਾਂ ਦੇ ਅਧਿਕਾਰਾਂ ਅਤੇ ਸੰਵਿਧਾਨਕ ਕਦਰਾਂ-ਕੀਮਤਾਂ ਅਤੇ ਸਿਧਾਂਤਾਂ ਦੇ ਰਖਵਾਲੇ ਹਾਂ। ਸਾਡੇ ਕੋਲ ਨਾ ਸਿਰਫ਼ ਸ਼ਕਤੀ ਹੈ, ਸਗੋਂ ਸਾਡੇ 'ਤੇ ਇੱਕ ਫਰਜ਼ ਵੀ ਲਗਾਇਆ ਗਿਆ ਹੈ।

ਇੱਕ ਜੱਜ ਨੂੰ ਇਸ ਗੱਲ ਬਾਰੇ ਨਹੀਂ ਸੋਚਣਾ ਚਾਹੀਦਾ ਕਿ ਲੋਕ ਉਸ ਦੇ ਫ਼ੈਸਲਿਆਂ ਬਾਰੇ ਕੀ ਕਹਿਣਗੇ ਜਾਂ ਕੀ ਮਹਿਸੂਸ ਕਰਨਗੇ। ਚੀਫ਼ ਜਸਟਿਸ ਨੇ ਕਿਹਾ- ਸਾਨੂੰ ਸੁਤੰਤਰ ਤੌਰ 'ਤੇ ਸੋਚਣਾ ਪਵੇਗਾ। ਲੋਕ ਕੀ ਕਹਿਣਗੇ, ਇਹ ਸਾਡੀ ਫ਼ੈਸਲਾ ਲੈਣ ਦੀ ਪ੍ਰਕਿਰਿਆ ਦਾ ਹਿੱਸਾ ਨਹੀਂ ਹੋ ਸਕਦਾ।

ਸੀਜੇਆਈ ਨੇ ਕਿਹਾ ਕਿ ਉਨ੍ਹਾਂ ਨੇ ਹਮੇਸ਼ਾ ਆਪਣੇ ਫ਼ੈਸਲਿਆਂ ਅਤੇ ਕੰਮ ਨੂੰ ਬੋਲਣ ਦਿੱਤਾ ਹੈ ਅਤੇ ਹਮੇਸ਼ਾ ਸੰਵਿਧਾਨ ਵਿੱਚ ਦਰਜ ਮੌਲਿਕ ਅਧਿਕਾਰਾਂ ਦੇ ਨਾਲ ਖੜ੍ਹੇ ਰਹੇ ਹਨ। ਬੁਲਡੋਜ਼ਰ ਨਿਆਂ ਵਿਰੁੱਧ ਆਪਣੇ ਫ਼ੈਸਲੇ ਦਾ ਹਵਾਲਾ ਦਿੰਦੇ ਹੋਏ, ਉਨ੍ਹਾਂ ਕਿਹਾ ਕਿ ਪਨਾਹ ਦਾ ਅਧਿਕਾਰ ਸਰਵਉੱਚ ਹੈ।

ਵਿਦਰਭ ਦੇ ਝੁੱਗੀ ਜੰਗਲ ਮੁੱਦੇ 'ਤੇ ਸੁਪਰੀਮ ਕੋਰਟ ਦੇ ਹਾਲੀਆ ਫੈਸਲੇ 'ਤੇ ਵਿਚਾਰ ਕਰਦੇ ਹੋਏ, ਗਵਈ ਨੇ ਇਸਨੂੰ ਪਨਾਹ ਅਤੇ ਰੋਜ਼ੀ-ਰੋਟੀ ਦੇ ਅਧਿਕਾਰਾਂ ਦਾ ਮਾਮਲਾ ਕਿਹਾ।

ਉਨ੍ਹਾਂ ਦੱਸਿਆ ਕਿ ਕਿਵੇਂ,



ਜਦੋਂ 2001 ਵਿੱਚ ਜੱਜ ਦੀ ਪੇਸ਼ਕਸ਼ ਕੀਤੀ ਗਈ ਸੀ, ਤਾਂ ਉਨ੍ਹਾਂ ਨੇ ਲਗਭਗ ਦੋ ਸਾਲਾਂ ਤੱਕ ਇਸ ਫੈਸਲੇ ਨਾਲ ਜੂਝਿਆ। "ਮੇਰੇ ਪਿਤਾ ਜੀ ਨੇ ਮੈਨੂੰ ਕਿਹਾ, ਜੇਕਰ ਤੁਸੀਂ ਸੁਪਰੀਮ ਕੋਰਟ ਦੇ ਵਕੀਲ ਬਣਦੇ ਹੋ, ਤਾਂ ਤੁਸੀਂ ਇਨਾਮ ਕਮਾ ਸਕਦੇ ਹੋ। ਪਰ ਜੇਕਰ ਤੁਸੀਂ ਜੱਜ ਬਣਦੇ ਹੋ, ਤਾਂ ਤੁਸੀਂ ਡਾ. ਅੰਬੇਡਕਰ ਦੇ ਸਮਾਨਤਾ ਦੇ ਸੁਪਨੇ ਨੂੰ ਸਾਕਾਰ ਕਰਨ ਵਿੱਚ ਮਦਦ ਕਰ ਸਕਦੇ ਹੋ। ਮੈਨੂੰ ਖੁਸ਼ੀ ਹੈ ਕਿ ਮੈਂ ਉਨ੍ਹਾਂ ਦੀ ਗੱਲ ਸੁਣੀ।"

## ਮਜੀਠੀਆ ਨੇ ਨਸ਼ੀਲੇ ਪਦਾਰਥਾਂ ਤੋਂ ਪ੍ਰਾਪਤ ਹੋਈ 540 ਕਰੋੜ ਰੁਪਏ ਤੋਂ ਵੱਧ ਕਮਾਈ ਨੂੰ ਸਫੇਦ ਧਨ 'ਚ ਬਦਲਿਆ, ਪੁਖਤਾ ਸਬੂਤ-ਵਿਜੀਲੈਂਸ ਬਿਊਰੋ

### ''ਮੈਂ ਫਿਰ ਕਹਿੰਦਾ ਹਾਂ, ਚਾਹੇ ਜਿੰਨਾ ਮਰਜ਼ੀ ਕੋਈ ਤਕੜਾ ਬੰਦਾ ਹੈ, ਜਿੰਨਾ ਮਰਜ਼ੀ ਕੋਈ ਸਿਆਸੀ ਤੌਰ 'ਤੇ ਪ੍ਰਭਾਵਸ਼ਾਲੀ ਹੈ ਜਾਂ ਹੋ ਸਕਦਾ ਹੈ ਅਫਸਰ ਉਸ ਤੋਂ ਡਰਦੇ ਹੋਣ ਜਾਂ ਉਸੇ ਨੇ ਲਾਏ ਹੋਣ ਪਰ ਨਸ਼ਿਆਂ ਦੇ ਮਾਮਲੇ 'ਚ ਮੈਂ ਬਿਲਕੁਲ ਵੀ ਕਿਸੇ 'ਤੇ ਤਰਸ ਨਹੀਂ ਕਰਾਂਗਾ, ਚਾਹੇ ਜੋ ਮਰਜ਼ੀ ਹੋ ਜਾਵੇ।''- ਭਗਵੰਤ ਮਾਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 26 ਜੂਨ INTERNATIONAL PAPER, 94636 01616 hardipchumber57@gmail.com

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਵਿਜੀਲੈਂਸ ਬਿਊਰੋ ਵੱਲੋਂ ਬੀਤੇ ਦਿਨੀਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਇਸ ਤੋਂ ਪਹਿਲਾਂ ਉਨ੍ਹਾਂ ਦੇ ਅੰਮ੍ਰਿਤਸਰ ਅਤੇ ਚੰਡੀਗੜ੍ਹ ਵਾਲੇ ਘਰ ਵਿੱਚ ਵਿਜੀਲੈਂਸ ਵੱਲੋਂ ਛਾਪੇਮਾਰੀ ਵੀ ਕੀਤੀ ਗਈ ਸੀ।

ਵਿਜੀਲੈਂਸ ਬਿਊਰੋ ਪੰਜਾਬ ਦੁਆਰਾ ਜਾਰੀ ਪ੍ਰੈਸ ਰਿਲੀਜ਼ ਮੁਤਾਬਕ, ਵਿਸ਼ੇਸ਼ ਜਾਂਚ ਟੀਮ (ਐਸਆਈਟੀ) ਵੱਲੋਂ ਕੀਤੀ ਗਈ ਜਾਂਚ ਵਿੱਚ ਪਾਇਆ ਗਿਆ ਹੈ ਕਿ ਮਜੀਠੀਆ ਵੱਲੋਂ ਗੈਰ ਕਾਨੂੰਨੀ ਨਸ਼ੀਲੇ ਪਦਾਰਥਾਂ ਦੀ ਕਮਾਈ ਨੂੰ ਵੱਡੇ ਪੱਧਰ 'ਤੇ ਸਫੇਦ ਧਨ ਵਿੱਚ ਤਬਦੀਲ ਕਰਨ ਦਾ ਖੁਲਾਸਾ ਹੋਇਆ ਹੈ।

ਪ੍ਰੈਸ ਰਿਲੀਜ਼ ਮੁਤਾਬਕ, ਐੱਸਆਈਟੀ ਵੱਲੋਂ 22 ਵਿਅਕਤੀਆਂ ਅਤੇ ਵਿਜੀਲੈਂਸ ਬਿਊਰੋ ਵੱਲੋਂ 3 ਥਾਵਾਂ 'ਤੇ

**ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਬਿਕਰਮ ਸਿੰਘ ਮਜੀਠੀਆ ਨੂੰ ਨਸ਼ੀਲੇ ਪਦਾਰਥਾਂ ਤੋਂ ਪ੍ਰਾਪਤ ਹੋਈ 540 ਕਰੋੜ ਰੁਪਏ ਤੋਂ ਵੱਧ ਦੀ ਕਮਾਈ ਨੂੰ ਹੇਠ ਲਿਖੇ ਤਰੀਕਿਆਂ ਨਾਲ ਸਫੇਦ ਧਨ 'ਚ ਬਦਲਿਆ ਗਿਆ:**

- ਬਿਕਰਮ ਮਜੀਠੀਆ ਦੁਆਰਾ ਨਿਯੰਤਰਿਤ ਕੰਪਨੀਆਂ ਦੇ ਬੈਂਕ ਖਾਤਿਆਂ 'ਚ 161 ਕਰੋੜ ਰੁਪਏ ਦੀ ਬੇਹਿਸਾਬੀ ਨਕਦੀ ਜਮ੍ਹਾਂ।
- ਸ਼ੱਕੀ ਵਿਦੇਸ਼ੀ ਸੰਸਥਾਵਾਂ ਦੇ ਰਾਹੀਂ 141 ਕਰੋੜ ਰੁਪਏ ਦੀ ਰਕਮ ਭੇਜਣਾ।
- ਕੰਪਨੀ ਦੇ ਵਿੱਤੀ ਬਿਆਨਾਂ ਵਿੱਚ ਬਿਨਾਂ ਕਿਸੇ ਸਪਸ਼ਟੀਕਰਨ ਦੇ 236 ਕਰੋੜ ਰੁਪਏ ਤੋਂ ਵੱਧ ਰਕਮ ਦਿਖਾਉਣਾ।
- ਬਿਕਰਮ ਸਿੰਘ ਮਜੀਠੀਆ ਦੁਆਰਾ ਆਮਦਨ ਦੇ ਕਿਸੇ ਜਾਇਜ਼ ਸਰੋਤ ਤੋਂ ਬਿਨਾਂ ਚੱਲ/ਅਚੱਲ ਜਾਇਦਾਦਾਂ ਦੀ ਪ੍ਰਾਪਤੀ।

BBC NEWS ਪੰਜਾਬੀ — ਵਿਜੀਲੈਂਸ ਬਿਓਰੋ, ਪੰਜਾਬ

ਕੀਤੀ ਗਈ ਤਲਾਸ਼ੀ ਅਤੇ ਜ਼ਬਤੀ ਵਿੱਚ 30 ਤੋਂ ਵੱਧ ਮੋਬਾਈਲ ਫੋਨ, 5 ਲੈਪਟਾਪ, 3 ਆਈਪੈਡ, 2 ਡੈਸਕਟਾਪ, ਕਈ ਡਾਇਰੀਆਂ, ਕਈ ਜਾਇਦਾਦਾਂ ਦੇ ਦਸਤਾਵੇਜ਼ ਅਤੇ ਸਰਾਇਆ ਇੰਡਸਟਰੀਜ਼ ਦੇ ਕਈ ਕਾਗਜ਼ਾਤ ਬਰਾਮਦ ਹੋਏ ਹਨ।

### 540 ਕਰੋੜ ਰੁਪਏ ਦੀ ਕਮਾਈ ਬਾਰੇ ਕੀ ਦੱਸਿਆ ਗਿਆ

ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਨਸ਼ੀਲੇ ਪਦਾਰਥਾਂ ਤੋਂ ਪ੍ਰਾਪਤ ਹੋਈ ਕਮਾਈ 540 ਕਰੋੜ ਰੁਪਏ ਤੋਂ ਵੱਧ ਦੀ ਸੀ, ਜਿਸ ਨੂੰ ਹੇਠ ਲਿਖੇ ਤਰੀਕਿਆਂ ਨਾਲ ਸਫੇਦ ਧਨ 'ਚ ਬਦਲਿਆ ਗਿਆ:

1. ਬਿਕਰਮ ਸਿੰਘ ਮਜੀਠੀਆ ਦੁਆਰਾ ਨਿਯੰਤਰਿਤ ਕੰਪਨੀਆਂ ਦੇ ਬੈਂਕ ਖਾਤਿਆਂ ਵਿੱਚ 161 ਕਰੋੜ ਰੁਪਏ ਦੀ ਬੇਹਿਸਾਬੀ ਨਕਦੀ ਜਮ੍ਹਾਂ।
2. ਸ਼ੱਕੀ ਵਿਦੇਸ਼ੀ ਸੰਸਥਾਵਾਂ ਰਾਹੀਂ ₹141 ਕਰੋੜ ਦੀ ਰਕਮ ਭੇਜਣਾ।
3. ਕੰਪਨੀ ਦੇ ਵਿੱਤੀ ਬਿਆਨਾਂ ਵਿੱਚ ਬਿਨ੍ਹਾਂ ਕਿਸੇ ਸਪੱਸ਼ਟੀਕਰਨ ਦੇ ₹236 ਕਰੋੜ ਤੋਂ ਵੱਧ ਰਕਮ ਦਿਖਾਉਣਾ।
4. ਬਿਕਰਮ ਸਿੰਘ ਮਜੀਠੀਆ ਦੁਆਰਾ ਆਮਦਨ ਦੇ ਕਿਸੇ ਜਾਇਜ਼ ਸਰੋਤ ਤੋਂ ਬਿਨ੍ਹਾਂ ਚੱਲ/ਅਚੱਲ ਜਾਇਦਾਦਾਂ ਦੀ ਪ੍ਰਾਪਤੀ।

ਜਾਂਚ ਵਿੱਚ ਇਸ ਗੱਲ ਦੇ ਪੁਖਤਾ ਸਬੂਤ ਸਾਹਮਣੇ ਆਏ ਹਨ ਕਿ ਬਿਕਰਮ ਸਿੰਘ ਮਜੀਠੀਆ ਨੇ ਨਸ਼ਿਆਂ ਦੀ ਕਮਾਈ ਨੂੰ ਵੱਡੇ ਪੱਧਰ 'ਤੇ ਚਿੱਟੇ ਧਨ ਵਿੱਚ ਬਦਲਿਆ।

ਵਿਜੀਲੈਂਸ ਬਿਊਰੋ ਅਤੇ ਐੱਸਆਈਟੀ ਦੀ ਜਾਂਚ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਇਹ ਰਕਮ ਸਰਾਇਆ ਇੰਡਸਟਰੀਜ਼ ਵਿੱਚ ਨਿਵੇਸ਼ ਕੀਤੀ ਗਈ, ਜਿਸਦੀ ਵਿਵਸਥਾ ਖੁਦ ਬਿਕਰਮ ਸਿੰਘ ਮਜੀਠੀਆ ਨੇ ਕੀਤੀ ਸੀ।

ਬੁਲਾਰੇ ਨੇ ਕਿਹਾ ਕਿ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦੀ 540 ਕਰੋੜ ਰੁਪਏ ਦੀ ਕਮਾਈ ਦਾ ਪਤਾ ਲੱਗ ਚੁੱਕਿਆ ਹੈ, ਜੋ ਕਿ ਮਜੀਠੀਆ ਦੁਆਰਾ ਇੱਕ ਜਨਤਕ ਪ੍ਰਤੀਨਿਧੀ (ਵਿਧਾਇਕ) ਅਤੇ ਸਾਬਕਾ ਕੈਬਨਿਟ ਮੰਤਰੀ ਰਹਿੰਦੇ ਹੋਏ ਆਪਣੇ ਪ੍ਰਭਾਵ ਦੀ ਵਰਤੋਂ ਕਰਕੇ ਕਮਾਈ ਗਈ ਸੀ।

## ਵਿੱਤ ਵਿਭਾਗ ਕੁਸ਼ਲਤਾ ਅਤੇ ਜਵਾਬਦੇਹੀ ਵਧਾਉਣ ਲਈ ਸਰਕਾਰ ਦੇ ਕੁਝ ਵਿਭਾਗਾਂ ਨੂੰ ਇਕਜੁੱਟ ਕਰਨ 'ਤੇ ਕਰ ਰਿਹੈ ਕੰਮ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 26 ਜੂਨ INTERNATIONAL PAPER, 94636 01616 hardipchumber57@gmail.com

ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਇਥੇ ਦੱਸਿਆ ਕਿ ਕਾਰਜ ਕੁਸ਼ਲਤਾ ਨੂੰ ਮਹੱਤਵਪੂਰਨ ਤੌਰ 'ਤੇ ਵਧਾਉਣ, ਪ੍ਰਸ਼ਾਸਕੀ ਪ੍ਰਕਿਰਿਆਵਾਂ ਨੂੰ ਤੇਜ਼ ਕਰਨ ਅਤੇ ਉਪਲਬਧ ਸਰੋਤਾਂ ਦੀ ਢੁਕਵੀਂ ਵਰਤੋਂ ਕਰਨ ਲਈ ਸੂਬਾ ਸਰਕਾਰ ਦੇ ਵੱਖ-ਵੱਖ ਛੋਟੇ ਅਤੇ ਇੱਕ ਦੂਜੇ ਨਾਲ ਸਬੰਧਤ ਵਿਭਾਗਾਂ ਦੇ ਰਲੇਵੇਂ ਲਈ ਵਿੱਤ ਵਿਭਾਗ ਇੱਕ ਰਣਨੀਤਕ ਪਹਿਲਕਦਮੀ ਤਹਿਤ ਸਰਗਰਮੀ ਨਾਲ ਰੁੱਝਿਆ ਹੋਇਆ ਹੈ।

ਵਿੱਤ ਵਿਭਾਗ ਅਧੀਨ ਵੱਖ-ਵੱਖ ਡਾਇਰੈਕਟੋਰੇਟਾਂ ਦੇ ਰਲੇਵੇਂ ਲਈ ਪੰਜਾਬ ਕੈਬਨਿਟ ਵੱਲੋਂ ਕੀਤੇ ਗਏ ਫੈਸਲੇ ਦੀ ਸ਼ਲਾਘਾ ਕਰਦੇ ਹੋਏ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਸ ਕਦਮ ਦਾ ਉਦੇਸ਼ ਪ੍ਰਸ਼ਾਸਕੀ ਕੁਸ਼ਲਤਾ ਵਿੱਚ ਮਹੱਤਵਪੂਰਨ ਵਾਧਾ ਕਰਨਾ ਅਤੇ ਖਰਚਿਆਂ ਵਿੱਚ ਕਟੌਤੀ ਕਰਨਾ ਹੈ। ਉਨ੍ਹਾਂ ਕਿਹਾ ਕਿ ਇਸ ਰਣਨੀਤਕ ਪੁਨਰਗਠਨ ਨਾਲ ਸੂਬੇ ਨੂੰ ਲਗਭਗ 2.64 ਕਰੋੜ ਰੁਪਏ ਸਾਲਾਨਾ ਬਚਤ ਹੋਣ ਦਾ ਅਨੁਮਾਨ ਹੈ। ਉਨ੍ਹਾਂ ਕਿਹਾ ਕਿ ਇਹ ਰਲੇਵੇਂ ਨਾ ਸਿਰਫ਼ ਕਾਰਜਾਂ ਨੂੰ ਸੁਚਾਰੂ ਬਣਾਉਣਗੇ ਸਗੋਂ ਇਨ੍ਹਾਂ ਮਹੱਤਵਪੂਰਨ ਵਿਭਾਗਾਂ ਦੇ ਸਮੁੱਚੇ ਕੰਮਕਾਜ ਅਤੇ ਸਮਰੱਥਾ ਵਿੱਚ ਵੀ ਸੁਧਾਰ ਕਰਨਗੇ। ਉਨ੍ਹਾਂ ਕਿਹਾ ਕਿ ਇਹ ਰਲੇਵਾਂ ਇੱਕ ਵਧੇਰੇ ਚੁਸਤ ਅਤੇ ਵਿੱਤੀ ਤੌਰ 'ਤੇ ਜ਼ਿੰਮੇਵਾਰ ਪ੍ਰਸ਼ਾਸਨ ਦੀ ਸਥਾਪਤੀ ਵੱਲ ਇੱਕ ਮਹੱਤਵਪੂਰਨ ਕਦਮ ਹੈ।

ਵਿੱਤ ਮੰਤਰੀ ਚੀਮਾ ਨੇ ਅੱਗੇ ਕਿਹਾ ਕਿ ਵਿੱਤ ਵਿਭਾਗ ਸਰਕਾਰੀ ਕਾਰਜਾਂ ਨੂੰ ਸੁਚਾਰੂ ਬਣਾਉਣ, ਦੋਹਰ ਨੂੰ ਘਟਾਉਣ ਅਤੇ ਇੱਕ ਵਧੇਰੇ ਇਕਸੁਰ ਅਤੇ ਜਵਾਬਦੇਹ ਪ੍ਰਸ਼ਾਸਕੀ ਢਾਂਚੇ ਨੂੰ ਉਤਸ਼ਾਹਿਤ ਕਰਨ ਲਈ ਰਾਜ ਸਰਕਾਰ ਦੇ ਅਜਿਹੇ ਹੋਰ ਵਿਭਾਗਾਂ ਦੇ ਵਿਆਪਕ ਪੁਨਰਗਠਨ ਅਤੇ ਰਲੇਵੇਂ 'ਤੇ ਕੰਮ ਕਰ ਰਿਹਾ



ਹੈ। ਵਿੱਤ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਓਵਰਲੈਪਿੰਗ ਕਾਰਜਾਂ ਜਾਂ ਸਾਂਝੇ ਉਦੇਸ਼ਾਂ ਵਾਲੇ ਵਿਭਾਗਾਂ ਨੂੰ ਇਕੱਠਾ ਕਰਕੇ ਫੈਸਲੇ ਲੈਣ ਅਤੇ ਲਾਗੂ ਕਰਨ ਦੀ ਗਤੀ ਵਿੱਚ ਇੱਕ ਮਹੱਤਵਪੂਰਨ ਵਾਧਾ ਕਰਨ ਦਾ ਇਰਾਦਾ ਰੱਖਦੀ ਹੈ ਤਾਂ ਜੋ ਵਧੇਰੇ ਪ੍ਰਭਾਵਸ਼ਾਲੀ ਅਤੇ ਜਵਾਬਦੇਹ ਜਨਤਕ ਸੇਵਾਵਾਂ ਰਾਹੀਂ ਪੰਜਾਬ ਦੇ ਨਾਗਰਿਕਾਂ ਨੂੰ ਲਾਭ ਪਹੁੰਚਾਇਆ ਜਾ ਸਕੇ।




# ਨਾਟੋ ਮੁਖੀ ਨੇ ਟਰੰਪ ਦੇ ਸਿਰ ਸਜਾਇਆ ਈਰਾਨ-ਇਜ਼ਰਾਈਲ ਵਿਚਾਲੇ ਜੰਗਬੰਦੀ ਦਾ ਸਿਹਰਾ, ਟਰੰਪ ਨੂੰ ਆਖਿਆ "ਪਿਓ"

## ਕਿਹਾ-ਕਈ ਵਾਰ ਲੜਾਈ ਤੋਂ ਬਾਅਦ ਪਿਓ ਨੂੰ ਝਿੜਕਣਾ ਪੈਂਦਾ ਹੈ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 26 ਜੂਨ
INTERNATIONAL PAPER, 94636 01616
hardipchumber57@gmail.com

ਨਾਟੋ ਸੰਮੇਲਨ ਵਿੱਚ ਸ਼ਾਮਲ ਹੋਣ ਲਈ ਨੀਦਰਲੈਂਡ ਦੇ ਹੇਗ ਪਹੁੰਚੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਹਾਲੀਆ ਬਿਆਨ ਦਾ ਜ਼ਿਕਰ ਕੀਤਾ। ਨੀਦਰਲੈਂਡ ਜਾਣ ਤੋਂ ਪਹਿਲਾਂ, ਟਰੰਪ ਨੇ ਵਾਸ਼ਿੰਗਟਨ ਵਿੱਚ ਈਰਾਨ ਅਤੇ ਇਜ਼ਰਾਈਲ ਲਈ ਅਪਮਾਨਜਨਕ ਸ਼ਬਦਾਂ ਦੀ ਵਰਤੋਂ ਕੀਤੀ। ਹੁਣ ਇਸ 'ਤੇ ਸਪੱਸ਼ਟੀਕਰਨ ਦਿੰਦੇ ਹੋਏ, ਉਨ੍ਹਾਂ ਨੇ ਈਰਾਨ ਅਤੇ ਇਜ਼ਰਾਈਲ ਵਿਚਕਾਰ ਲੜਾਈ ਦੀ ਤੁਲਨਾ ਸਕੂਲ ਵਿੱਚ ਬੱਚਿਆਂ ਦੀ ਲੜਾਈ ਨਾਲ ਕੀਤੀ। ਉਨ੍ਹਾਂ ਕਿਹਾ ਕਿ ਕਈ ਵਾਰ ਸਖ਼ਤ ਭਾਸ਼ਾ ਦੀ ਵਰਤੋਂ



ਕਰਨੀ ਪੈਂਦੀ ਹੈ।

ਟਰੰਪ ਨੇ ਕਿਹਾ, "ਇਜ਼ਰਾਈਲ ਅਤੇ ਈਰਾਨ ਹੁਣ ਇੱਕ ਦੂਜੇ ਨਾਲ ਨਹੀਂ ਲੜਨਗੇ ਕਿਉਂਕਿ ਉਹ ਲੜ ਚੁੱਕੇ ਹਨ। ਦੋਵੇਂ ਉਸੇ ਤਰ੍ਹਾਂ ਲੜਦੇ ਹਨ ਜਿਵੇਂ ਦੋ ਬੱਚੇ ਸਕੂਲ ਵਿੱਚ ਲੜਦੇ ਹਨ। ਉਨ੍ਹਾਂ ਨੂੰ ਇਸ ਤਰ੍ਹਾਂ ਸ਼ਾਂਤ ਨਹੀਂ ਕੀਤਾ ਜਾ ਸਕਦਾ... ਉਨ੍ਹਾਂ ਨੂੰ ਦੋ-ਤਿੰਨ ਮਿੰਟ ਲੜਨ ਦਿਓ ਤਾਂ ਉਨ੍ਹਾਂ ਨੂੰ ਰੋਕਣਾ ਆਸਾਨ ਹੈ।"

ਜਿਵੇਂ ਹੀ ਟਰੰਪ ਨੇ ਇਹ ਕਿਹਾ, ਨਾਟੋ ਦੇ ਸਕੱਤਰ ਜਨਰਲ ਮਾਰਕ ਰੁਟੇ ਹੱਸ ਪਏ ਅਤੇ ਕਿਹਾ, "ਲੜਾਈ ਤੋਂ ਬਾਅਦ, ਪਿਤਾ ਨੂੰ ਝਿੜਕਣਾ ਪੈਂਦਾ ਹੈ।"

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੰਗਲਵਾਰ (24 ਜੂਨ, 2025) ਨੂੰ ਇਜ਼ਰਾਈਲ ਅਤੇ ਈਰਾਨ ਪ੍ਰਤੀ ਸਖ਼ਤ ਰੁਖ਼ ਅਪਣਾਇਆ ਅਤੇ ਜੰਗਬੰਦੀ ਦੀ ਉਲੰਘਣਾ 'ਤੇ ਨਾਰਾਜ਼ਗੀ ਪ੍ਰਗਟ ਕੀਤੀ। ਟਰੰਪ ਨੇ ਕਿਹਾ ਸੀ, "ਇਨ੍ਹਾਂ ਲੋਕਾਂ ਨੂੰ ਸ਼ਾਂਤ ਹੋਣਾ ਪਵੇਗਾ, ਇਹ ਹਾਸੋਹੀਣਾ ਹੈ। ਮੈਨੂੰ ਉਹ ਬਿਲਕੁਲ ਵੀ ਪਸੰਦ ਨਹੀਂ ਆਇਆ ਜੋ ਮੈਂ ਦੇਖਿਆ, ਨਾ ਇਜ਼ਰਾਈਲੀ ਹਮਲਾ ਅਤੇ ਨਾ ਹੀ ਈਰਾਨ ਦਾ ਬਦਲਾ।"

ਟਰੰਪ ਨੇ ਕਿਹਾ, ਮੈਂ ਦੇਖਿਆ ਕਿ ਜਿਵੇਂ ਹੀ ਅਸੀਂ ਸਮਝੌਤੇ 'ਤੇ ਦਸਤਖ਼ਤ ਕੀਤੇ, ਇਜ਼ਰਾਈਲ ਨੇ ਸਭ ਤੋਂ ਵੱਡਾ ਹਮਲਾ ਸ਼ੁਰੂ ਕਰ ਦਿੱਤਾ। ਪਹਿਲਾਂ ਕਦੇ ਨਹੀਂ ਹੋਇਆ। ਮੈਨੂੰ ਇਹ ਬਿਲਕੁਲ ਵੀ ਪਸੰਦ ਨਹੀਂ ਆਇਆ। ਮੈਂ ਈਰਾਨ ਤੋਂ ਵੀ ਖੁਸ਼ ਨਹੀਂ ਹਾਂ। ਅਸੀਂ ਉਨ੍ਹਾਂ ਨੂੰ 12 ਘੰਟੇ ਦਿੱਤੇ ਸਨ, ਪਰ ਉਨ੍ਹਾਂ ਨੇ ਸਿਰਫ਼ ਇੱਕ ਘੰਟੇ ਵਿੱਚ ਸਭ ਕੁਝ ਖ਼ਤਮ ਕਰ ਦਿੱਤਾ।

# SGPC ਵਲੋਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸੇਵਾ ਨਿਯਮਾਂ ਸਬੰਧੀ ਕਮੇਟੀ ਦਾ ਗਠਨ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 26 ਜੂਨ
INTERNATIONAL PAPER, 94636 01616
hardipchumber57@gmail.com

ਅੰਮ੍ਰਿਤਸਰ, 26 ਜੂਨ (ਵਿਸ਼ਵ ਵਾਰਤਾ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸੇਵਾ ਨਿਯਮਾਂ ਦੇ ਸਬੰਧ ਵਿਚ 34 ਮੈਂਬਰੀ ਕਮੇਟੀ ਦਾ ਗਠਨ ਕੀਤਾ ਹੈ। ਦੱਸ ਦਈਏ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਯੋਗਤਾ, ਨਿਯੁਕਤੀ, ਕਾਰਜ ਖੇਤਰ, ਜ਼ਿੰਮੇਵਾਰੀਆਂ ਅਤੇ ਸੇਵਾ ਮੁਕਤੀ ਸਬੰਧੀ ਨਿਯਮ ਨਿਰਧਾਰਤ ਕਰਨ ਲਈ ਸਿੱਖ ਪੰਥ ਦੀਆਂ ਸਮੂਹ ਜਥੇਬੰਦੀਆਂ, ਦਮਦਮੀ ਟਕਸਾਲ, ਨਿਹੰਗ ਸਿੰਘ ਦਲਾਂ, ਆਲਮੀ ਸਿੱਖ ਸੰਸਥਾਵਾਂ, ਸਿੰਘ ਸਭਾਵਾਂ, ਦੀਵਾਨਾਂ, ਸਭਾ ਸੁਸਾਇਟੀਆਂ ਅਤੇ ਦੇਸ਼ ਵਿਦੇਸ਼ ਵਿਚ ਵੱਸਦੇ ਵਿਦਵਾਨਾਂ ਤੇ ਬੁੱਧੀਜੀਵੀਆਂ ਨੂੰ ਆਪਣੇ ਸੁਝਾਅ ਭੇਜਣ ਦੀ ਅਪੀਲ ਵੀ ਕੀਤੀ ਸੀ। ਜਿਸ ਤੋਂ ਬਾਅਦ ਉਨ੍ਹਾਂ ਵੱਲੋਂ ਆਪਣੇ ਸੁਝਾਅ ਲਿਖਤੀ ਰੂਪ ਵਿਚ ਭੇਜੇ ਗਏ ਹਨ।



ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਇਸ 34 ਮੈਂਬਰੀ ਕਮੇਟੀ ਵਿਚ ਸਿੰਘ ਸਾਹਿਬਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਤੋਂ ਇਕ ਨੁਮਾਇੰਦਾ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ ਦਾ ਇਕ ਨੁਮਾਇੰਦਾ, ਬਾਬਾ ਹਰਨਾਮ ਸਿੰਘ ਖ਼ਾਲਸਾ ਮੁਖੀ ਦਮਦਮੀ ਟਕਸਾਲ ਤੇ ਪ੍ਰਧਾਨ ਸੰਤ ਸਮਾਜ, ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਮੁਖੀ ਤਰਨਾ ਦਲ ਹਰੀਆਂ ਵੇਲਾਂ, ਬਾਬਾ ਬਲਬੀਰ ਸਿੰਘ 96ਵੇਂ ਕਰੋੜੀ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ, ਬਾਬਾ ਅਵਤਾਰ ਸਿੰਘ ਸੁਰਸਿੰਘ ਮੁਖੀ ਦਲ ਪੰਥ ਬਾਬਾ ਬਿਧੀ ਚੰਦ ਜੀ, ਪ੍ਰਦਮਸ੍ਰੀ ਬਾਬਾ ਸੇਵਾ ਸਿੰਘ ਕਾਰ ਸੇਵਾ ਖਡੂਰ ਸਾਹਿਬ, ਬਾਬਾ ਕਸ਼ਮੀਰ ਸਿੰਘ ਮੁਖੀ ਸੰਪ੍ਰਦਾ ਕਾਰਸੇਵਾ ਭੂਰੀਵਾਲੇ, ਬਾਬਾ ਤੇਜਾ ਸਿੰਘ ਖੁੱਡਾ ਕੁਰਾਲਾ ਨਿਰਮਲੇ ਸੰਪ੍ਰਦਾ, ਮਹੰਤ ਰਮਿੰਦਰ ਦਾਸ ਉਦਾਸੀਨ ਸੰਪ੍ਰਦਾ, ਮਹੰਤ ਪ੍ਰਿਤਪਾਲ ਸਿੰਘ ਮਿੱਠਾ ਟਿਵਾਣਾ ਸੇਵਾਪੰਥੀ, ਬਾਬਾ ਸੇਵਾ ਸਿੰਘ ਰਾਮਪੁਰ ਖੇੜਾ, ਪ੍ਰਧਾਨ ਚੀਫ ਖ਼ਾਲਸਾ ਦੀਵਾਨ ਸ੍ਰੀ ਅੰਮ੍ਰਿਤਸਰ, ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਚੰਡੀਗੜ੍ਹ ਦਾ ਇਕ ਨੁਮਾਇੰਦਾ, ਪ੍ਰਸਿੱਧ ਕਥਾਵਾਚਕ ਭਾਈ ਸਾਹਿਬ ਗਿਆਨੀ ਪਿੰਦਰਪਾਲ ਸਿੰਘ, ਗੁਰਬਾਣੀ ਵਿਆਕਰਣ ਦੇ ਮਾਹਿਰ ਗਿਆਨੀ ਸਾਹਿਬ ਸਿੰਘ ਸ਼ਾਹਬਾਦ ਮਾਰਕੰਡਾ, ਭਾਈ ਮਹਿੰਦਰ ਸਿੰਘ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਯੂ.ਕੇ., ਮਹੰਤ ਮਨਜੀਤ ਸਿੰਘ ਜੰਮੂ-ਕਸ਼ਮੀਰ, ਬੀਬੀ ਇੰਦਰਜੀਤ ਕੌਰ ਮੁਖੀ ਭਗਤ ਪੂਰਨ ਸਿੰਘ ਪਿੰਗਲਵਾੜਾ ਸੁਸਾਇਟੀ, ਡਾ. ਕਰਮਜੀਤ ਸਿੰਘ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਡਾ. ਪ੍ਰਿਤਪਾਲ ਸਿੰਘ ਵਾਈਸ ਚਾਂਸਲਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਸ੍ਰੀ ਫ਼ਤਹਿਗੜ੍ਹ ਸਾਹਿਬ, ਸਿੱਖ ਵਿਦਵਾਨ ਡਾ. ਬਲਕਾਰ ਸਿੰਘ ਪਟਿਆਲਾ, ਡਾ. ਪਰਮਵੀਰ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ, ਡਾ. ਅਮਰਜੀਤ ਸਿੰਘ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਡਾ. ਇੰਦਰਜੀਤ ਸਿੰਘ ਗੋਗੋਆਣੀ ਪ੍ਰਿੰ: ਖ਼ਾਲਸਾ ਕਾਲਜ ਸੀ: ਸੈ: ਸਕੂਲ ਅੰਮ੍ਰਿਤਸਰ, ਸਿੱਖ ਵਿਦਵਾਨ ਡਾ. ਕੇਹਰ ਸਿੰਘ, ਸਿੱਖ ਵਿਦਵਾਨ ਡਾ. ਹਰਭਜਨ ਸਿੰਘ ਦੇਹਰਾਦੂਨ, ਗਿ: ਬਲਜੀਤ ਸਿੰਘ ਪ੍ਰਿੰ: ਸਾਹਿਬਜ਼ਾਦਾ ਜੁਝਾਰ ਸਿੰਘ ਸਿੱਖ ਮਿਸ਼ਨਰੀ ਕਾਲਜ ਚੌਂਤਾ, ਸਿੱਖ ਵਿਦਵਾਨ ਡਾ. ਗੁਰਚਰਨਜੀਤ ਸਿੰਘ ਲਾਂਬਾ ਅਮਰੀਕਾ, ਡਾ. ਜਤਿੰਦਰਪਾਲ ਸਿੰਘ ਉੱਪਲ ਆਸਟ੍ਰੇਲੀਆ, ਰਾਜਬੀਰ ਸਿੰਘ ਕੈਨੇਡਾ, ਇੰਦਰਪਾਲ ਸਿੰਘ ਚੱਢਾ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਅਤੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ (ਕੋਆਰਡੀਨੇਟਰ) ਨੂੰ ਸ਼ਾਮਿਲ ਕੀਤਾ ਗਿਆ ਹੈ।

# ਅਮਰੀਕਾ ਤੋਂ ਵੱਡੀ ਗਿਣਤੀ 'ਚ ਗੈਰ ਕਾਨੂੰਨੀ ਪ੍ਰਵਾਸੀ ਕੀਤੇ ਜਾਣਗੇ ਡਿਪੋਰਟ!

## -ਅਮਰੀਕੀ ਸੁਪਰੀਮ ਕੋਰਟ ਨੇ ਟਰੰਪ ਪ੍ਰਸ਼ਾਸਨ ਦੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦੇ ਹੁਕਮ ਨੂੰ ਰੱਖਿਆ ਬਰਕਰਾਰ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 26 ਜੂਨ
INTERNATIONAL PAPER, 94636 01616
hardipchumber57@gmail.com

ਵਾਸ਼ਿੰਗਟਨ, 25 ਜੂਨ (ਰਾਜ ਗੋਗਨਾ/ਪੰਜਾਬ ਮੇਲ)- ਅਮਰੀਕਾ ਤੋਂ ਵੱਡੀ ਗਿਣਤੀ 'ਚ ਗੈਰ ਕਾਨੂੰਨੀ ਪ੍ਰਵਾਸੀ ਡਿਪੋਰਟ ਕੀਤੇ ਜਾਣਗੇ। ਬੀਤੇ ਦਿਨੀਂ ਅਮਰੀਕੀ ਸੁਪਰੀਮ ਕੋਰਟ ਨੇ ਟਰੰਪ ਪ੍ਰਸ਼ਾਸਨ ਦੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਦੇ ਹੁਕਮ ਨੂੰ ਬਰਕਰਾਰ ਰੱਖਿਆ। ਇਹ ਫੈਸਲਾ ਬਹੁਗਿਣਤੀ ਜੱਜਾਂ ਨੇ ਦਿੱਤਾ। ਇਸ ਤੋਂ ਪਹਿਲਾਂ ਬੋਸਟਨ ਜ਼ਿਲ੍ਹਾ ਜੱਜ ਬ੍ਰਾਇਨ ਮਰਫੀ ਨੇ ਟਰੰਪ ਪ੍ਰਸ਼ਾਸਨ ਦੇ ਹੁਕਮ 'ਤੇ 'ਰੋਕ' ਲਗਾਉਂਦਿਆਂ ਕਿਹਾ ਸੀ ਕਿ ਭਾਵੇਂ ਉਹ ਪ੍ਰਵਾਸੀ ਗੈਰ-ਕਾਨੂੰਨੀ ਤੌਰ 'ਤੇ ਆਏ ਹੋਣ, ਉਨ੍ਹਾਂ ਨੂੰ ਆਪਣਾ ਬਚਾਅ ਕਰਨ ਦਾ ਅਧਿਕਾਰ ਹੈ। ਸੁਪਰੀਮ ਕੋਰਟ ਨੇ ਇਸਨੂੰ ਅਸਵੀਕਾਰਨਯੋਗ ਮੰਨਿਆ ਅਤੇ ਟਰੰਪ ਪ੍ਰਸ਼ਾਸਨ ਦੇ ਹੁਕਮ ਨੂੰ ਬਰਕਰਾਰ ਰੱਖਿਆ।

ਇਸ ਤੋਂ ਬਾਅਦ ਗ੍ਰਹਿ ਸੁਰੱਖਿਆ ਵਿਭਾਗ ਦੇ ਬੁਲਾਰੇ ਟ੍ਰਿਸੀਆ ਮੈਕਲਾਫਲਿਨ ਨੇ ਕਿਹਾ ਕਿ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਉਨ੍ਹਾਂ ਦੇ ਦੇਸ਼ਾਂ ਵਿਚ ਭੇਜਣ ਦੀ ਪ੍ਰਕਿਰਿਆ ਹੁਣ ਤੁਰੰਤ ਸ਼ੁਰੂ ਹੋ ਜਾਵੇਗੀ। ਜਸਟਿਸ ਸੋਨੀਆ ਸੋਟੋਮੇਅਰ ਅਤੇ ਸੁਪਰੀਮ ਕੋਰਟ ਦੇ ਬੈਂਚ ਦੇ ਕਈ ਹੋਰ ਜੱਜਾਂ ਨੇ ਬੋਸਟਨ ਅਦਾਲਤ ਦੇ ਫੈਸਲੇ ਨੂੰ ਸਵੀਕਾਰਯੋਗ ਮੰਨਿਆ, ਪਰ ਅੰਤ ਵਿਚ ਬਹੁਮਤ ਦੇ ਫੈਸਲੇ ਨੂੰ ਬਰਕਰਾਰ ਰੱਖਿਆ ਗਿਆ। ਇਸ ਫੈਸਲੇ ਦਾ ਸਵਾਗਤ ਕਰਦੇ ਹੋਏ ਕੁਝ ਮਾਹਰਾਂ ਨੇ ਕਿਹਾ ਕਿ ਟਰੰਪ ਪ੍ਰਸ਼ਾਸਨ ਦਾ ਆਦੇਸ਼ ਢੁੱਕਵਾਂ ਹੈ ਕਿਉਂਕਿ 'ਕਿਸੇ ਵੀ ਦੇਸ਼ ਨੂੰ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਸਵੀਕਾਰ ਨਹੀਂ ਕਰਨਾ ਚਾਹੀਦਾ।'

ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ ਦੀ ਬੁਲਾਰਾ ਟ੍ਰਿਸੀਆ ਮੈਕਬੋਡੀਨ ਨੇ ਸੁਪਰੀਮ ਕੋਰਟ ਦੇ ਆਦੇਸ਼ ਨੂੰ ਦੇਸ਼ ਦੀ ਸੁਰੱਖਿਆ ਅਤੇ ਇਸ ਦੇ ਲੋਕਾਂ ਦੀ ਸੁਰੱਖਿਆ ਲਈ ਇਕ ਜਿੱਤ ਕਿਹਾ, ਇਸ ਤੋਂ ਪਹਿਲਾਂ ਦੱਖਣੀ ਸੁਡਾਨੀ ਲੋਕਾਂ ਨੂੰ ਉਨ੍ਹਾਂ ਦੇ ਦੇਸ਼ ਲੈ ਕੇ ਜਾਣ ਵਾਲੇ ਜਹਾਜ਼ ਨੂੰ ਜਿਬੂਤੀ ਵਿਚ ਉਤਾਰਨਾ ਪਿਆ ਕਿਉਂਕਿ ਬੋਸਟਨ ਦੀ ਇੱਕ ਅਦਾਲਤ ਨੇ ਫੈਸਲਾ ਸੁਣਾਇਆ ਸੀ ਕਿ ਉਨ੍ਹਾਂ ਨੂੰ ਵਾਪਸ ਅਮਰੀਕਾ ਲਿਜਾਣਾ ਪੈ ਸਕਦਾ ਹੈ। ਜਹਾਜ਼ ਨੂੰ ਜਿਬੂਤੀ ਵਿਚ ਉਨ੍ਹਾਂ ਗਰੀਬ ਸੁਡਾਨੀ ਲੋਕਾਂ ਨੂੰ ਸਟੀਮਰਾਂ ਦੇ ਲੋਹੇ ਦੇ ਡੱਬਿਆਂ ਵਿਚ ਰੱਖਣ ਦੇ ਇਰਾਦੇ ਨਾਲ ਰੱਖਿਆ ਗਿਆ ਸੀ, ਜਿੱਥੇ ਉਨ੍ਹਾਂ ਨੂੰ ਲਗਭਗ ਤੇਜ਼ ਗਰਮੀ ਵਿਚ ਭੁੰਨਿਆ ਜਾ ਰਿਹਾ ਸੀ। ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਉਨ੍ਹਾਂ ਨੂੰ ਦੱਖਣੀ ਸੁਡਾਨ



ਲਿਜਾਇਆ ਗਿਆ। ਇਨ੍ਹਾਂ ਵਿਚੋਂ ਜ਼ਿਆਦਾਤਰ ਗੈਰ-ਕਾਨੂੰਨੀ ਪ੍ਰਵਾਸੀ ਮੈਕਸੀਕੋ, ਮਿਆਂਮਾਰ, ਵੀਅਤਨਾਮ ਅਤੇ ਕਿਊਬਾ ਅਤੇ ਵੈਨੇਜ਼ੁਏਲਾ ਤੋਂ ਵੀ ਆਏ ਸਨ। ਉਨ੍ਹਾਂ ਵਿਚੋਂ ਜ਼ਿਆਦਾਤਰ ਛੋਟੀਆਂ-ਮੋਟੀਆਂ ਚੋਰੀਆਂ ਵਿਚ ਰੁੱਝੇ ਹੋਏ ਸਨ। ਵੈਨੇਜ਼ੁਏਲਾ ਤੋਂ ਆਏ ਕੁਝ ਪ੍ਰਵਾਸੀ 'ਗੈਂਗ ਮੈਂਬਰ' ਵੀ ਸਨ। ਇਸ ਸਬੰਧ ਵਿਚ ਟਰੰਪ ਪ੍ਰਸ਼ਾਸਨ (ਗੈਰ-ਕਾਨੂੰਨੀ ਪ੍ਰਵਾਸੀਆਂ 'ਤੇ) ਹੁਕਮ ਨੂੰ ਢੁੱਕਵਾਂ ਮੰਨਦਾ ਹੈ।

# ਭਾਰਤ ਭੂਸ਼ਣ ਆਸ਼ੂ, ਪ੍ਰਗਟ ਸਿੰਘ ਅਤੇ ਕਿੱਕੀ ਢਿੱਲੋਂ ਦੇ ਅਸਤੀਫੇ ਕਾਂਗਰਸ ਪਾਰਟੀ ਨੇ ਕੀਤੇ ਮਨਜ਼ੂਰ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 26 ਜੂਨ
INTERNATIONAL PAPER, 94636 01616
hardipchumber57@gmail.com

ਤਿੰਨੇ ਲੀਡਰਾਂ ਵੱਲੋਂ ਆਪਣੇ ਅਸਤੀਫ਼ੇ ਜ਼ਿਮਨੀ ਚੋਣ ਵਿੱਚ ਪਾਰਟੀ ਦੀ ਹਾਰ ਤੋਂ ਬਾਅਦ ਸੌਂਪੇ ਗਏ ਸਨ। ਚੋਣ ਲੜਨ ਵਾਲੇ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ (ਪੀਪੀਸੀਸੀ) ਦੇ ਕਾਰਜਕਾਰੀ ਪ੍ਰਧਾਨ ਵਜੋਂ ਸੇਵਾ ਨਿਭਾ ਰਹੇ ਭਾਰਤ ਭੂਸ਼ਣ ਆਸ਼ੂ ਨੇ ਨੈਤਿਕ ਜ਼ਿੰਮੇਵਾਰੀ ਲੈਂਦੇ ਹੋਏ ਅਸਤੀਫਾ ਦੇ ਦਿੱਤਾ ਸੀ। ਜਵਾਬਦੇਹੀ ਵਿੱਚ ਉਨ੍ਹਾਂ ਦਾ ਸਮਰਥਨ ਕਰਦੇ ਹੋਏ, ਪ੍ਰਗਟ ਸਿੰਘ ਅਤੇ ਕਿੱਕੀ ਢਿੱਲੋਂ, ਜੋ ਪੰਜਾਬ ਕਾਂਗਰਸ ਵਿੱਚ ਉਪ-ਪ੍ਰਧਾਨਾਂ ਦੇ ਅਹੁਦੇ ਸੰਭਾਲ ਰਹੇ ਸਨ, ਦੋਵਾਂ ਨੇ ਵੀ ਆਪਣੇ ਅਸਤੀਫ਼ੇ ਸੌਂਪ ਦਿੱਤੇ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 26 ਜੂਨ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

**ਬਾਬਾ ਸਾਹਿਬ ਕਹਿੰਦੇ ਹਨ**

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੋ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

**ਪੂਰੀ ਜਾਣਕਾਰੀ ਅਤੇ ਲੜੀ ਜੋੜਨ ਲਈ ਹਰ ਰੋਜ ਦੇ ਲੇਖ ਨੂੰ ਪੜ੍ਹਨਾ ਜਰੂਰੀ ਹੈ**

(ਕਲ੍ਹ ਦੇ ਲੇਖ ਦਾ ਬਾਕੀ ਭਾਗ)

## VI. ਦਲਿਤ ਵਰਗ ਅਤੇ ਸਿਵਲ ਅਵੱਗਿਆ:

29. ਸੱਜਣੋ, ਭਾਵੇਂ ਅਸੀਂ ਸੁਰੱਖਿਆ ਦੇ ਨਾਲ ਡੋਮੀਨੀਅਨ ਸਟੇਟਸ ਦੇ ਅਧੀਨ ਸਵੈ-ਸ਼ਾਸਨ ਦਾ ਸਮਰਥਨ ਕਰਦੇ ਹਾਂ, ਕੀ ਇਸਦਾ ਮਤਲਬ ਇਹ ਹੈ ਕਿ ਸਾਨੂੰ ਪਿਛਲੇ ਸਾਲ ਮਾਰਚ ਵਿੱਚ



ਮਹਾਤਮਾ ਗਾਂਧੀ ਦੁਆਰਾ ਸ਼ੁਰੂ ਕੀਤੇ ਗਏ "ਸਿਵਲ ਅਵੱਗਿਆ ਅੰਦੋਲਨ" ਵਿੱਚ ਹਿੱਸਾ ਲੈਣਾ ਚਾਹੀਦਾ ਹੈ? ਸਾਨੂੰ ਇਸ ਸਵਾਲ 'ਤੇ ਆਪਣੇ ਵਿਚਾਰ ਸਪੱਸ਼ਟ ਕਰਨੇ ਪੈਣਗੇ। ਜਿਵੇਂ ਕਿ ਤੁਸੀਂ ਜਾਣਦੇ ਹੋ, ਸਾਰੇ ਨਰਮਪੰਥੀਆਂ ਨੇ ਇਸ ਅੰਦੋਲਨ ਦੀ ਨਿੰਦਾ ਕੀਤੀ ਹੈ ਅਤੇ ਇਸਨੂੰ ਗੈਰ-ਸੰਵਿਧਾਨਕ ਕਰਾਰ ਦਿੱਤਾ ਹੈ। ਮੈਂ ਮੰਨਦਾ ਹਾਂ ਕਿ ਉਨ੍ਹਾਂ ਦੀ ਦਲੀਲ ਮੈਨੂੰ ਪ੍ਰਭਾਵਿਤ ਨਹੀਂ ਕਰਦੀ। ਜੇਕਰ ਇਹ ਰੂੜੀਵਾਦੀ ਵਰਗ ਤੁਹਾਨੂੰ ਕਹਿੰਦਾ ਹੈ ਕਿ "ਤੁਹਾਡਾ ਮੰਦਰ ਪ੍ਰਵੇਸ਼ ਅੰਦੋਲਨ ਗੈਰ-ਸੰਵਿਧਾਨਕ ਹੈ", ਤਾਂ ਤੁਸੀਂ ਕੀ ਕਹੋਗੇ? ਕਿ ਤੁਹਾਨੂੰ ਸਿੱਧੇ ਤੌਰ 'ਤੇ ਮੰਦਰ ਪ੍ਰਵੇਸ਼ ਛੱਡ ਦੇਣਾ ਚਾਹੀਦਾ ਹੈ ਅਤੇ ਰੂੜੀਵਾਦੀਆਂ ਨੂੰ ਅਪੀਲ ਕਰਨੀ ਚਾਹੀਦੀ ਹੈ, ਅਦਾਲਤਾਂ ਵਿੱਚ ਪਟੀਸ਼ਨਾਂ ਦਾਇਰ ਕਰਨੀਆਂ ਚਾਹੀਦੀਆਂ ਹਨ ਅਤੇ ਕਾਨੂੰਨ ਬਦਲਣਾ ਚਾਹੀਦਾ ਹੈ। ਕੀ ਤੁਸੀਂ ਇਸ ਦਲੀਲ ਤੋਂ ਪ੍ਰਭਾਵਿਤ ਹੋ ਕੇ ਆਪਣੇ ਰੂੜੀਵਾਦੀਆਂ ਵਿਰੁੱਧ ਆਜ਼ਾਦੀ ਸੰਗਰਾਮ ਵਿੱਚ ਵਰਤੇ ਜਾਣ ਵਾਲੇ ਹਥਿਆਰਾਂ ਨੂੰ ਰੋਕਣ ਲਈ ਸਹਿਮਤ ਹੋਵੋਗੇ? ਮੈਨੂੰ ਲੱਗਦਾ ਹੈ ਕਿ ਤੁਸੀਂ ਸੰਵਿਧਾਨਕ ਉਪਾਵਾਂ ਦਾ ਸਹਾਰਾ ਤਾਂ ਹੀ ਲੈ ਸਕਦੇ ਹੋ ਜੇਕਰ ਪਹਿਲਾਂ ਤੋਂ ਪ੍ਰਵਾਨਿਤ ਸੰਵਿਧਾਨ ਲਾਗੂ ਹੋਵੇ। ਪਰ ਜੇਕਰ ਕੋਈ ਸੰਵਿਧਾਨ ਨਹੀਂ ਹੈ, ਤਾਂ ਕੋਈ ਸੰਵਿਧਾਨਕ ਉਪਾਅ ਪਰਮਾਤਮਾ ਦੇ ਹੁਕਮ ਵਜੋਂ ਸਵੀਕਾਰ ਨਹੀਂ ਕੀਤਾ ਜਾਵੇਗਾ। ਇਹ ਦਲੀਲ ਅੰਗਰੇਜ਼ਾਂ ਦੇ ਮਨ ਅਤੇ ਦਿਲ ਵਿੱਚ ਨਹੀਂ ਆਵੇਗੀ। ਕਿਉਂਕਿ ਕੀ ਅਲਸਟਰ ਅੰਦੋਲਨ ਵੀ ਇੱਕ ਸਿਵਲ ਅਵੱਗਿਆ ਅੰਦੋਲਨ ਨਹੀਂ ਸੀ? ਤਾਂ ਕੀ ਉੱਘੇ ਬ੍ਰਿਟਿਸ਼ ਸਿਆਸਤਦਾਨਾਂ ਨੇ ਇਸ ਵਿੱਚ ਹਿੱਸਾ ਨਹੀਂ ਲਿਆ ਅਤੇ ਕੀ ਉਨ੍ਹਾਂ ਨੇ ਅੰਦੋਲਨਕਾਰੀਆਂ ਨੂੰ ਉਤਸ਼ਾਹਿਤ ਨਹੀਂ ਕੀਤਾ? ਸਵਾਲ ਇਹ ਹੈ ਕਿ ਕੀ ਇਹ ਚੁਣਿਆ ਗਿਆ ਰਸਤਾ ਸਾਡੇ ਲੋਕਾਂ ਦੇ ਹਿੱਤਾਂ ਦੀ ਰੱਖਿਆ ਅਤੇ ਰਾਖੀ ਲਈ ਇੱਕ ਅਨੁਕੂਲ ਮੌਕਾ ਅਤੇ ਹਥਿਆਰ ਹੈ? ਮੈਂ ਸਿਵਲ ਨਾਫ਼ਰਮਾਨੀ ਅੰਦੋਲਨ ਦਾ ਵਿਰੋਧ ਕਰਦਾ ਹਾਂ। ਕਿਉਂਕਿ ਮੈਂ ਨਿਸ਼ਚਤ ਤੌਰ 'ਤੇ ਇਸਨੂੰ ਇੱਕ ਬਹੁਤ ਹੀ ਪ੍ਰਤੀਕੂਲ ਮੌਕਾ ਮੰਨਦਾ ਹਾਂ। ਭਾਵੇਂ ਮੈਂ ਬ੍ਰਿਟਿਸ਼ ਸਾਮਰਾਜਵਾਦ ਦੀਆਂ ਸਾਰੀਆਂ ਬੁਰਾਈਆਂ ਤੋਂ ਇਨਕਾਰ ਕਰਦਾ ਹਾਂ, ਪਰ ਮੈਂ ਇਸ ਵਿੱਚ ਭਾਰਤੀਆਂ ਦੀ ਤਰੱਕੀ ਲਈ ਇੱਕ ਉਮੀਦ ਦੇਖਦਾ ਹਾਂ। ਮੈਂ ਇਸ ਰਾਏ ਵਿੱਚ ਇਕੱਲਾ ਨਹੀਂ ਹਾਂ। ਇਹ ਮਹਾਤਮਾ ਗਾਂਧੀ ਦੀ ਸੋਚ ਹੈ ਜਿਸਨੇ ਐਲਾਨ ਕੀਤਾ ਸੀ ਕਿ ਭਾਰਤ ਵਿੱਚ ਰਾਜ ਕਰ ਰਹੀ ਸਰਕਾਰ ਵਿਰੁੱਧ ਦੇਸ਼ਧ੍ਰੋਹ ਕਰਨਾ ਉਸਦਾ ਗੰਭੀਰ ਫਰਜ਼ ਹੈ। ਬ੍ਰਿਟਿਸ਼ ਸਰਕਾਰ ਦਾ ਉਦੇਸ਼ ਭਾਰਤ ਨੂੰ ਬ੍ਰਿਟਿਸ਼ ਪ੍ਰਭੂਸੱਤਾ ਅਧੀਨ ਸਵੈ-ਸ਼ਾਸਨ ਬਣਾਉਣਾ ਹੈ ਅਤੇ 1920 ਵਿੱਚ ਇਸ ਭਾਵਨਾ ਨੂੰ ਹਕੀਕਤ ਵਿੱਚ ਬਦਲਣ ਲਈ, ਰਾਜਾਂ ਦੀ ਜ਼ਿੰਮੇਵਾਰੀ ਨਾਲ ਇੱਕ ਸ਼ੁਰੂਆਤ ਕੀਤੀ ਗਈ ਸੀ ਤਾਂ ਜੋ ਸਵੈ-ਸ਼ਾਸਨ ਨੂੰ ਹੌਲੀ-ਹੌਲੀ ਭਾਰਤ ਵਿੱਚ ਲਿਆਂਦਾ ਜਾ ਸਕੇ। ਸ਼ਾਇਦ ਹਕੀਕਤ ਉਦੇਸ਼ ਨਾਲੋਂ ਬਹੁਤ ਛੋਟੀ ਸੀ। ਸ਼ਾਇਦ ਉਦੇਸ਼ ਵੱਲ ਤਰੱਕੀ ਦੀ ਗਤੀ ਬਹੁਤ ਹੌਲੀ ਸੀ। ਪਰ ਕੀ ਇਸਨੂੰ ਵਾਅਦੇ ਤੋਂ ਪਿੱਛੇ ਹਟਣਾ ਕਿਹਾ ਜਾ ਸਕਦਾ ਹੈ? ਜੇਕਰ ਇਹ ਵਾਅਦੇ ਤੋਂ ਪਿੱਛੇ ਹਟ ਰਿਹਾ ਹੁੰਦਾ, ਤਾਂ ਨਾ-ਫੁਰਮਾਨੀ ਅੰਦੋਲਨ ਕੋਈ ਢੁਕਵਾਂ ਮੌਕਾ ਲੱਭਣ ਦੀ ਇੱਕ ਚਾਲ ਹੁੰਦੀ। ਪਰ ਅਜਿਹਾ ਕੁਝ ਵੀ ਨਹੀਂ ਸੀ। ਵਾਇਸਰਾਏ ਦੇ ਸਵੈ-ਸ਼ਾਸਨ ਦੇ ਐਲਾਨ ਨੇ ਉਦੇਸ਼ ਨੂੰ ਸਪੱਸ਼ਟ ਸ਼ਬਦਾਂ ਵਿੱਚ ਸਮਝਾਇਆ ਅਤੇ ਭਾਰਤੀਆਂ ਨੂੰ ਗੋਲਮੇਜ਼ ਕਾਨਫਰੰਸ ਵਿੱਚ ਬੁਲਾ ਕੇ ਉਦੇਸ਼ ਨੂੰ ਜਲਦੀ ਪ੍ਰਾਪਤ ਕਰਨ ਦੇ ਤਰੀਕੇ ਲੱਭਣ ਦਾ ਮੌਕਾ ਦਿੱਤਾ ਗਿਆ। ਇਹ ਵੀ ਸੱਚ ਹੈ ਕਿ ਉਨ੍ਹਾਂ ਸਾਰਿਆਂ ਦੇ ਦ੍ਰਿਸ਼ਟੀਕੋਣ ਤੋਂ ਇਸ ਵਿੱਚ ਕੁਝ ਕਮੀਆਂ ਸਨ ਜੋ ਤੁਰੰਤ ਪ੍ਰਭਾਵ ਨਾਲ ਡੋਮੀਨੀਅਨ ਸਟੇਟਸ ਸਵੈ-ਸ਼ਾਸਨ ਚਾਹੁੰਦੇ ਸਨ। ਪਰ ਇਸ ਆਧਾਰ 'ਤੇ ਗੋਲਮੇਜ਼ ਕਾਨਫਰੰਸ ਦੇ ਸੱਦੇ ਨੂੰ ਰੱਦ ਕਰਨਾ ਹੀ ਕਾਫ਼ੀ ਕਾਰਨ ਨਹੀਂ ਸੀ। ਵਚਨਬੱਧਤਾ ਜਾਂ ਕੰਮ ਕਰਨ ਵਿੱਚ ਅਸਮਰੱਥਾ ਦੇ ਨੁਕਤਿਆਂ 'ਤੇ ਵਾਇਸਰਾਏ ਜਾਂ ਬ੍ਰਿਟਿਸ਼ ਕੈਬਨਿਟ ਮੰਤਰੀਆਂ ਨਾਲ ਲੜਨਾ ਮੈਨੂੰ ਜ਼ਰੂਰੀ ਅਤੇ ਬੇਕਾਰ ਲੱਗਦਾ ਹੈ। ਭਾਵੇਂ ਕਿਸੇ ਨੇ ਜ਼ਿੰਮੇਵਾਰੀ ਲਈ ਹੋਵੇ ਜਾਂ ਨਾ, ਜੇਕਰ ਭਾਰਤ ਦੇ ਸਵੈ-ਸ਼ਾਸਨ ਦੀ ਮੰਗ ਇੱਕ ਆਵਾਜ਼ ਵਿੱਚ ਉੱਠਦੀ ਹੈ, ਤਾਂ ਇਸਦਾ ਬ੍ਰਿਟਿਸ਼ ਸੰਸਦ 'ਤੇ ਪ੍ਰਭਾਵ ਨਾ ਪੈਣ ਦਾ ਕੋਈ ਕਾਰਨ ਨਹੀਂ ਹੈ। ਮਾਮਲਾ ਕੁਝ ਵੀ ਹੋਵੇ, ਜੇਕਰ ਕਾਂਗਰਸ ਨੇ ਗੋਲਮੇਜ਼ ਕਾਨਫਰੰਸ ਦੇ ਸੱਦੇ ਨੂੰ ਸਵੀਕਾਰ ਕਰ ਲਿਆ ਹੁੰਦਾ, ਤਾਂ ਕੁਝ ਵੀ ਗੁਆਚਿਆ ਨਹੀਂ ਹੁੰਦਾ। ਗੋਲਮੇਜ਼ ਕਾਨਫਰੰਸ ਦੀ ਅਸਫਲਤਾ ਦਾ ਇੱਕੋ ਇੱਕ ਪ੍ਰਭਾਵ ਇਹ ਹੁੰਦਾ ਕਿ ਇੱਕ ਸਾਲ ਬਾਅਦ ਸਿਵਲ ਨਾਫ਼ਰਮਾਨੀ ਅੰਦੋਲਨ ਸ਼ੁਰੂ ਹੋ ਜਾਂਦਾ ਅਤੇ ਇਸ ਨਾਲ ਕਾਂਗਰਸ ਦਾ ਪ੍ਰਭਾਵ ਵਧ ਜਾਂਦਾ। ਜਿਹੜੇ ਲੋਕ ਸਿਰਫ਼ ਸਹੀ ਜਾਂ ਗਲਤ ਦੇ ਵਿਸ਼ਵਾਸ 'ਤੇ ਰਹਿੰਦੇ ਹਨ, ਉਹ ਸ਼ਾਇਦ ਨਿਰਾਸ਼ ਹੋ ਜਾਣਗੇ ਅਤੇ ਆਪਣਾ ਰਸਤਾ ਭਟਕ ਜਾਣਗੇ। ਸਾਰੇ ਨੁਕਤਿਆਂ 'ਤੇ ਵਿਚਾਰ ਕਰਨ ਤੋਂ ਬਾਅਦ, ਮੈਂ ਇਹ ਕਹਿਣ ਲਈ ਮਜਬੂਰ ਹਾਂ ਕਿ ਕਾਂਗਰਸ ਨੇ ਇਸ ਸਮੇਂ ਸਿਵਲ ਨਾਫ਼ਰਮਾਨੀ ਅੰਦੋਲਨ ਸ਼ੁਰੂ ਕਰਕੇ ਅਤੇ ਗੋਲਮੇਜ਼ ਕਾਨਫਰੰਸ ਵਿੱਚ ਹੋਣ ਵਾਲੀ ਸ਼ਾਂਤੀ ਵਾਰਤਾ ਨੂੰ ਰੱਦ ਕਰਕੇ ਇੱਕ ਵੱਡੀ ਗਲਤੀ ਕੀਤੀ ਹੈ।

30. ਇੱਕ ਹੋਰ ਕਾਰਨ ਹੈ ਕਿ ਮੈਂ ਸਿਵਲ ਨਾ-ਫ਼ਰਮਾਨੀ ਦਾ ਸਮਰਥਨ ਨਹੀਂ ਕਰ ਸਕਦਾ। ਮੇਰਾ ਮੰਨਣਾ ਹੈ ਕਿ ਇਹ ਅੰਦੋਲਨ ਸਾਡੀ ਰੱਖਿਆ ਅਤੇ ਸੁਰੱਖਿਆ ਹਿੱਤਾਂ ਦੀ ਰੱਖਿਆ ਲਈ ਅਨੁਕੂਲ ਨਹੀਂ ਹੈ। ਇਹ ਅੰਦੋਲਨ ਜਨਤਾ ਨੂੰ ਅੰਦੋਲਨ ਕਰਨ ਦਾ ਕੰਮ ਹੋਵੇਗਾ। ਇਹ ਇੱਕ ਅਜਿਹਾ ਅੰਦੋਲਨ ਹੈ ਜਿਸਦਾ ਸਾਰ ਦਬਾਅ ਬਣਾਉਣਾ ਹੋਵੇਗਾ। ਇਹ ਇੱਕ ਭਗਦੜ ਹੈ ਅਤੇ ਜੇਕਰ ਇਸਨੂੰ ਵੱਡੇ ਪੱਧਰ 'ਤੇ ਫੈਲਾਇਆ ਜਾਂਦਾ ਹੈ, ਤਾਂ ਇਹ ਇੱਕ ਇਨਕਲਾਬ ਵਿੱਚ ਬਦਲ ਸਕਦਾ ਹੈ। ਇਨਕਲਾਬ ਤਬਦੀਲੀ ਲਿਆਉਣ ਦਾ ਇੱਕ ਤਰੀਕਾ ਹੈ। ਇੱਕ ਇਨਕਲਾਬ ਵਿੱਚ, ਵਿਸ਼ਾ ਬਹੁਤ ਅਨਿਸ਼ਚਿਤ

"ਇਕੁਐਲਿਟੀ ਐਂਡ ਜਸਟਿਸ" "Equality and Justice" ਸ੍ਵਤੰਤ੍ਰਤਾ, ਸਮਾਨਤਾ, ਭਾਈਚਾਰਾ Rs- 100/month

ਹੁੰਦਾ ਹੈ, ਹਫੜਾ-ਦਫੜੀ ਹੁੰਦੀ ਹੈ ਅਤੇ ਵੱਡੀ ਤਬਾਹੀ ਦੀ ਸਥਿਤੀ ਹੁੰਦੀ ਹੈ, ਭਾਵੇਂ ਇਨਕਲਾਬ ਵਿੱਚ ਖੂਨ-ਖਰਾਬਾ ਹੋਵੇ ਜਾਂ ਨਾ ਹੋਵੇ। ਉਦਾਹਰਣ ਵਜੋਂ, ਜੇਕਰ ਅਸੀਂ ਫਰਾਂਸੀਸੀ ਇਨਕਲਾਬ ਨੂੰ ਲੈਂਦੇ ਹਾਂ, ਤਾਂ ਇੱਥੇ ਇਨਕਲਾਬ ਦਾ ਵਿਸ਼ਾ ਜਨਤਕ ਪ੍ਰਦਰਸ਼ਨ ਲਈ ਇੱਕ ਗਣਰਾਜ ਸਥਾਪਤ ਕਰਨਾ ਸੀ ਪਰ ਇੱਕ ਬੇਕਾਬੂ ਸ਼ਾਸਨ ਦੀ ਸਥਾਪਨਾ ਸੀ। ਇਨਕਲਾਬਾਂ ਨੂੰ ਆਮ ਤੌਰ 'ਤੇ ਟਾਲਿਆ ਨਹੀਂ ਜਾ ਸਕਦਾ, ਯਾਨੀ ਕਿ ਉਹ ਅਟੱਲ ਹਨ। ਹਾਲਾਂਕਿ, ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਇਨਕਲਾਬ ਅਤੇ ਅਸਲ ਸਮਾਜਿਕ ਤਬਦੀਲੀ ਵਿੱਚ ਬਹੁਤ ਵੱਡਾ ਅੰਤਰ ਹੁੰਦਾ ਹੈ। ਇੱਕ ਇਨਕਲਾਬ ਵਿੱਚ, ਰਾਜਨੀਤਿਕ ਸ਼ਕਤੀ ਇੱਕ ਪਾਰਟੀ ਤੋਂ ਦੂਜੀ ਪਾਰਟੀ ਵਿੱਚ ਬਦਲ ਜਾਂਦੀ ਹੈ, ਜਿਵੇਂ ਇੱਕ ਜਿੱਤ ਇੱਕ ਰਾਸ਼ਟਰ ਜਾਂ ਰਾਜਵੰਸ਼ ਤੋਂ ਦੂਜੀ ਵਿੱਚ ਸ਼ਕਤੀ ਬਦਲਦੀ ਹੈ। ਮੈਂ ਯਕੀਨ ਨਾਲ ਕਹਿ ਸਕਦਾ ਹਾਂ ਕਿ ਅਸੀਂ ਇਸ ਤਰ੍ਹਾਂ ਦੇ ਬਦਲਾਅ ਨਾਲ ਹੀ ਸੰਤੁਸ਼ਟ ਨਹੀਂ ਹੋ ਸਕਦੇ। ਅਸੀਂ ਇੱਕ ਅਜਿਹਾ ਬਦਲਾਅ ਚਾਹੁੰਦੇ ਹਾਂ ਜਿਸ ਵਿੱਚ ਸੱਤਾ ਨਾ ਸਿਰਫ਼ ਵੰਡੀ ਜਾਵੇ ਸਗੋਂ ਅਸਲ ਸਮਾਜਿਕ ਬਦਲਾਅ ਵੀ ਆਵੇ, ਭਾਵ ਸਮਾਜ ਵਿੱਚ ਸੱਤਾ ਦਾ ਆਪਸੀ ਬਦਲਾਅ। ਇਹ ਆਪਸੀ ਸਮਾਯੋਜਨ ਅਤੇ ਸੁਲ੍ਹਾ ਰਾਹੀਂ ਹੋਵੇਗਾ। ਦਲਿਤ ਵਰਗ ਦਾ ਭਵਿੱਖ ਪੂਰੀ ਤਰ੍ਹਾਂ ਸਮਾਯੋਜਨ ਦੀ ਸਵੀਕ੍ਰਿਤੀ ਅਤੇ ਲਾਗੂ ਕਰਨ 'ਤੇ ਨਿਰਭਰ ਕਰੇਗਾ। ਭਾਰਤ ਵਿੱਚ ਸਮੱਸਿਆ ਸਰਕਾਰ ਬਣਾਉਣ ਜਾਂ ਆਜ਼ਾਦੀ ਦੇਣ ਦੀ ਨਹੀਂ ਹੈ, ਸਗੋਂ ਇੱਕ ਸੁਤੰਤਰ ਸਰਕਾਰ ਬਣਾਉਣ ਦੀ ਹੈ। ਫਿਰ ਸਨੋ ਦੇ ਸ਼ਬਦਾਂ ਵਿੱਚ, "ਸਰਕਾਰ ਬਣਾਉਣ ਲਈ ਬਹੁਤੀ ਦੂਰਦਰਸ਼ਤਾ ਦੀ ਲੋੜ ਨਹੀਂ ਹੈ। ਮੈਂਬਰਾਂ ਨੂੰ ਚੁਣਨ ਦੇ ਅਧਿਕਾਰ ਦੀ ਸ਼ਕਤੀ ਨਿਰਧਾਰਤ ਕਰੋ, ਉਨ੍ਹਾਂ ਨੂੰ ਆਗਿਆਕਾਰੀ ਹੋਣਾ ਸਿਖਾਓ ਅਤੇ ਕੰਮ ਹੋ ਗਿਆ ਹੈ। ਆਜ਼ਾਦੀ ਦੇਣਾ ਹੋਰ ਵੀ ਆਸਾਨ ਹੈ। ਇਸ ਵਿੱਚ ਮਾਰਗਦਰਸ਼ਨ ਦੀ ਕੋਈ ਲੋੜ ਨਹੀਂ ਹੈ, ਬਸ ਵਾਗਡੋਰ ਸੌਂਪ ਦਿਓ। ਪਰ ਇੱਕ ਆਜ਼ਾਦ ਸਰਕਾਰ ਬਣਾਉਣ ਲਈ, ਆਜ਼ਾਦੀ ਅਤੇ ਨਿਯੰਤਰਣ ਦੇ ਦੋ ਵਿਰੋਧੀ ਤੱਤਾਂ ਦਾ ਇੱਕ ਸਮਾਨ ਮਿਸ਼ਰਣ ਬਣਾਉਣਾ ਜ਼ਰੂਰੀ ਹੈ ਅਤੇ ਇਸ ਲਈ ਡੂੰਘੀ ਸੋਚ ਅਤੇ ਚਿੰਤਨ ਦੀ ਲੋੜ ਹੈ।

**ਲੇਖ ਦਾ ਬਾਕੀ ਭਾਗ ਕਲ.....**

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 26 ਜੂਨ
INTERNATIONAL PAPER, 94636 01616
hardipchumber57@gmail.com

# ਸਭਿਅਤਾ ਜਾਂ ਘੋਰ ਅਸਭਿਅਤਾ

ਬਾਬਾ ਸਾਹਿਬ ਡਾ. ਅੰਬੇਡਕਰ

**ਲੜੀ ਵਾਰ ਭਾਗ ਅੱਠਵਾਂ**

## VI. ਦਲਿਤ ਵਰਗ ਅਤੇ ਸਿਵਲ ਅਵੱਗਿਆ:

ਜਿੱਥੋਂ ਤੱਕ ਅਛੂਤਾਂ ਦਾ ਸਵਾਲ ਹੈ, ਉਹ ਹਮੇਸ਼ਾ ਬਦਕਿਸਮਤ ਰਹੇ ਹਨ। ਉਹ ਅਤੀਤ ਵਿੱਚ ਹਿੰਦੂ ਸੱਭਿਅਤਾ ਦੇ ਅਧੀਨ ਗੰਭੀਰ ਅਪਮਾਨ ਅਤੇ ਘੋਰ ਵਾਂਝੇਪਣ ਦਾ ਸ਼ਿਕਾਰ ਰਹੇ ਹਨ ਅਤੇ ਭਵਿੱਖ ਵਿੱਚ ਵੀ ਉਨ੍ਹਾਂ ਲਈ ਕੋਈ ਉਮੀਦ ਨਹੀਂ ਹੈ ਕਿਉਂਕਿ ਇਸ ਛੂਤ-ਛਾਤ ਦੀ ਪ੍ਰਣਾਲੀ ਵਿੱਚ ਕਿੰਨਾ ਗੰਭੀਰ ਅਪਮਾਨ ਅਤੇ ਘੋਰ ਵਾਂਝੇਪਣ ਮੌਜੂਦ ਹੈ। 1928 ਵਿੱਚ ਬੰਬਈ ਸਰਕਾਰ ਦੁਆਰਾ ਦਲਿਤ ਵਰਗਾਂ ਅਤੇ ਆਦਿਮ ਨਸਲਾਂ ਦੀਆਂ ਸ਼ਿਕਾਇਤਾਂ ਦੀ ਜਾਂਚ ਕਰਨ ਲਈ ਨਿਯੁਕਤ ਕਮੇਟੀ ਦੇ ਵਿਚਾਰ ਇਸ ਸਬੰਧ ਵਿੱਚ ਬਹੁਤ ਢੁਕਵੇਂ ਹਨ। ਇਹ ਕਹਿੰਦਾ ਹੈ

ਇਸ ਵਿੱਚ ਕੋਈ ਅਜੀਬ ਗੱਲ ਨਹੀਂ ਹੈ ਕਿ ਕੋਈ ਅਪਵਿੱਤਰ ਵਿਅਕਤੀ ਜਾਂ ਚੀਜ਼ ਨਫ਼ਰਤ ਪੈਦਾ ਕਰਦੀ ਹੈ, ਕਿਉਂਕਿ ਇਹ ਪ੍ਰਦੂਸ਼ਣ ਦਾ ਆਧਾਰ ਹੈ। ਪਰ ਜਿਸ ਤਰੀਕੇ ਨਾਲ ਇਸ ਭਾਵਨਾ ਨੂੰ (ਅਛੂਤਾਂ ਪ੍ਰਤੀ) ਪ੍ਰਗਟ ਕੀਤਾ ਜਾਂਦਾ ਹੈ, ਉਸਦੀ ਤਰਕਹੀਣਤਾ ਨਿੰਦਣਯੋਗ ਹੈ। ਇਹ ਇੱਕ ਵਿਅਕਤੀ ਨੂੰ ਸਿਰਫ਼ ਜਨਮ ਦੇ ਆਧਾਰ 'ਤੇ ਅਛੂਤ ਦੱਸਦੀ ਹੈ। ਇੱਕ ਅਛੂਤ ਤੋਂ ਪੈਦਾ ਹੋਇਆ ਵਿਅਕਤੀ ਅਛੂਤ ਰਹਿੰਦਾ ਹੈ, ਭਾਵੇਂ ਉਹ ਨਿੱਜੀ ਸਫਾਈ ਦੇ ਮਾਮਲਿਆਂ ਵਿੱਚ ਇੱਕ ਅਖੌਤੀ ਛੂਤ ਵਾਲੇ ਨਾਲੋਂ ਕਿੰਨਾ ਵੀ ਸਾਫ਼ ਕਿਉਂ ਨਾ ਹੋਵੇ। ਉਸ ਕੋਲ ਆਪਣੀ ਸਥਿਤੀ ਤੋਂ ਬਚਣ ਦਾ ਕੋਈ ਤਰੀਕਾ ਨਹੀਂ ਹੈ। ਇਸ ਸਭ ਵਿੱਚ ਸਭ ਤੋਂ ਅਜੀਬ ਗੱਲ ਇਹ ਹੈ ਕਿ ਕੱਟੜਪੰਥੀ ਹਿੰਦੂ, ਇਸ ਤੱਥ ਦੇ ਬਾਵਜੂਦ ਕਿ ਉਸਦੇ ਧਾਰਮਿਕ ਵਿਸ਼ਵਾਸਾਂ, ਜੀਵਨ ਸ਼ੈਲੀ ਅਤੇ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਵਿੱਚ ਮੁਸਲਮਾਨਾਂ, ਪਾਰਸੀਆਂ ਅਤੇ ਈਸਾਈਆਂ ਨਾਲੋਂ ਅੰਤਰ ਹਨ, ਉਨ੍ਹਾਂ ਨੂੰ ਛੂਤ ਵਾਲੇ ਮੰਨਦਾ ਹੈ। ਇਸ ਨਾਲ (ਅਛੂਤਾਂ) ਦੀ ਹਾਲਤ ਹੋਰ ਵੀ ਵਿਗੜ ਗਈ ਹੈ। ਕੱਟੜਪੰਥੀ ਹਿੰਦੂਆਂ ਦੁਆਰਾ ਕੀਤੇ ਗਏ ਇਸ ਅਨੁਚਿਤ ਵਿਤਕਰੇ ਕਾਰਨ, ਕੁਝ ਮਾਮਲਿਆਂ ਵਿੱਚ, ਖਾਸ ਕਰਕੇ ਪਿੰਡਾਂ ਵਿੱਚ, ਕੱਟੜਪੰਥੀ ਹਿੰਦੂਆਂ ਦੇ ਪ੍ਰਭਾਵ ਹੇਠ ਮੁਸਲਮਾਨ, ਪਾਰਸੀ ਅਤੇ ਈਸਾਈ ਵੀ (ਅਛੂਤਾਂ ਪ੍ਰਤੀ ਛੂਤ-ਛਾਤ ਦਾ ਅਭਿਆਸ ਕਰਦੇ ਹਨ, ਭਾਵੇਂ ਉਨ੍ਹਾਂ ਦੇ ਧਰਮ ਇਸ ਦੇ ਉਲਟ ਸਿਖਾਉਂਦੇ ਹਨ। ਸਾਨੂੰ ਸਭ ਤੋਂ ਵੱਧ ਚਿੰਤਾ ਇਸ ਗੱਲ ਦੀ ਹੈ ਕਿ ਛੂਤ-ਛਾਤ ਦੀਆਂ ਆਪਣੀਆਂ ਬੁਰਾਈਆਂ ਹਨ, ਜਿਵੇਂ ਕਿ ਇਕੱਲਤਾ ਅਤੇ ਹੀਣਤਾ, ਪਰ ਇਸ ਨਾਲ ਕੁਝ ਖਾਸ ਬੁਰਾਈਆਂ ਵੀ ਜੁੜੀਆਂ ਹੋਈਆਂ ਹਨ। ਤਰਕਪੂਰਨ ਤੌਰ 'ਤੇ, ਕੱਟੜ ਹਿੰਦੂ ਸਮਾਜ ਵਿੱਚ, ਛੂਤ-ਛਾਤ ਦੇ ਕਾਰਨ, (ਇੱਕ ਅਛੂਤ) ਸਰਕਾਰੀ ਸਕੂਲ ਵਿੱਚ ਦਾਖਲਾ ਨਹੀਂ ਲੈ ਸਕੇਗਾ, ਭਾਵੇਂ ਸਕੂਲ ਦਾ ਖਰਚਾ ਸਰਕਾਰ ਵੱਲੋਂ ਚੁੱਕਿਆ ਜਾਵੇ। ਇਸ ਕਾਰਨ, ਉਹ ਸਰਕਾਰੀ ਸੇਵਾਵਾਂ ਵਿੱਚ ਨਿਯੁਕਤੀ ਪ੍ਰਾਪਤ



ਨਹੀਂ ਕਰ ਸਕੇਗਾ, ਭਾਵੇਂ ਉਸ ਕੋਲ ਉਨ੍ਹਾਂ ਲਈ ਯੋਗਤਾਵਾਂ ਹੋਣ। ਉਹ ਸਿਰਫ਼ ਉਹੀ ਸੇਵਾਵਾਂ ਨਿਭਾ ਸਕੇਗਾ ਜੋ ਰਿਵਾਜ ਅਨੁਸਾਰ ਉਸ ਲਈ ਨਿਰਧਾਰਤ ਕੀਤੀਆਂ ਗਈਆਂ ਹਨ। ਇਸ ਕਾਰਨ, ਉਹ ਜਨਤਕ ਥਾਵਾਂ ਤੋਂ ਪਾਣੀ ਨਹੀਂ ਲੈ ਸਕੇਗਾ ਜੋ ਸਰਕਾਰੀ ਖਰਚੇ 'ਤੇ ਰੱਖੀਆਂ ਜਾਂਦੀਆਂ ਹਨ। ਇਸ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਵੇ ਤਾਂ ਛੂਤ-ਛਾਤ ਸਿਰਫ਼ ਇੱਕ ਸਮਾਜਿਕ ਸਮੱਸਿਆ ਨਹੀਂ ਹੈ, ਇਹ ਇੱਕ ਸਭ ਤੋਂ ਮਹੱਤਵਪੂਰਨ ਰਾਜਨੀਤਿਕ ਸਮੱਸਿਆ ਹੈ ਅਤੇ ਇਹ ਰਾਜ ਦੇ ਨਾਗਰਿਕ ਦੇ ਅਧਿਕਾਰਾਂ ਦੇ ਬੁਨਿਆਦੀ ਸਵਾਲ ਨਾਲ ਸਬੰਧਤ ਹੈ। ਇੱਥੇ ਸਿਰਫ਼ ਅਛੂਤਾਂ ਦੀਆਂ ਮੁਸ਼ਕਲਾਂ ਦਾ ਹੀ ਜ਼ਿਕਰ ਕੀਤਾ ਗਿਆ ਹੈ। ਪਰ ਇਹ ਸਿਰਫ਼ ਇਹ ਅਛੂਤ ਹੀ ਨਹੀਂ ਹਨ ਜੋ ਅਪਮਾਨਜਨਕ ਜੀਵਨ ਜੀਉਂਦੇ ਹਨ। ਹੋਰ ਵਰਗ ਵੀ ਹਨ, ਅਤੇ ਉਨ੍ਹਾਂ ਦੀ ਹਾਲਤ ਹੋਰ ਵੀ ਮਾੜੀ ਹੈ। ਅਛੂਤ ਉਹ ਹਨ ਜੋ ਸਿਰਫ਼ ਸਰੀਰਕ ਛੂਹਣ ਨਾਲ ਭ੍ਰਿਸ਼ਟ ਹੁੰਦੇ ਹਨ। ਪਰ ਕੁਝ ਲੋਕ ਅਜਿਹੇ ਹਨ ਜੋ ਨੇੜੇ ਆਉਣ 'ਤੇ ਭ੍ਰਿਸ਼ਟ ਹੋ ਜਾਂਦੇ ਹਨ, ਇੱਕ ਨਿਸ਼ਚਿਤ ਦੂਰੀ ਬਣਾਈ ਰੱਖਣ ਦੀ ਬਜਾਏ। ਇਨ੍ਹਾਂ ਨੂੰ 'ਸਮਿਪੀਵਰਜੀਤ' ਕਿਹਾ ਜਾਂਦਾ ਹੈ। ਇਸ ਤੋਂ ਵੀ ਭੈੜੇ ਉਹ ਹਨ ਜੋ ਸਿਰਫ਼ ਉਨ੍ਹਾਂ ਵੱਲ ਦੇਖ ਕੇ ਭ੍ਰਿਸ਼ਟ ਕਰਨ ਦਾ ਪਾਪ ਕਰਦੇ ਹਨ। ਇਨ੍ਹਾਂ ਨੂੰ 'ਦ੍ਰਿਸ਼ਟੀਵਰਜੀਤ' ਕਿਹਾ ਜਾਂਦਾ ਹੈ। 'ਨਯਾਦੀ' ਲੋਕ 'ਸਮਿਪੀਵਰਜੀਤ' ਦੀ ਸ਼੍ਰੇਣੀ ਵਿੱਚ ਆਉਂਦੇ ਹਨ। ਇਨ੍ਹਾਂ ਨੂੰ ਕੁੱਤੇ ਖਾਣ ਵਾਲੇ ਕਿਹਾ ਜਾਂਦਾ ਹੈ ਅਤੇ ਹਿੰਦੂਆਂ ਵਿੱਚ ਸਭ ਤੋਂ ਨੀਵੀਂ ਜਾਤ ਹੈ। ਇਹ ਭੀਖ ਮੰਗਣ ਵਿੱਚ ਸਭ ਤੋਂ ਵੱਧ ਜ਼ਿੱਦੀ ਹਨ। ਇਹ ਕਿਸੇ ਵੀ ਵਿਅਕਤੀ ਦਾ ਪਿੱਛਾ ਕਰਨਗੇ, ਭਾਵੇਂ ਉਹ ਤੁਰ ਰਿਹਾ ਹੋਵੇ, ਸਵਾਰੀ ਕਰ ਰਿਹਾ ਹੋਵੇ, ਕਿਸ਼ਤੀ ਚਲਾ ਰਿਹਾ ਹੋਵੇ, ਮੱਛੀਆਂ ਤੱਕ ਵੀ ਹੋਵੇ, ਅਤੇ ਦੂਰੀ 'ਤੇ ਉਸ ਦਾ ਪਿੱਛਾ ਕਰਦੇ ਰਹਿਣਗੇ। ਜੇਕਰ ਉਨ੍ਹਾਂ ਨੂੰ ਕੁਝ ਦਿੱਤਾ ਜਾਂਦਾ ਹੈ, ਤਾਂ ਇਸਨੂੰ ਜ਼ਮੀਨ 'ਤੇ ਰੱਖਣਾ ਚਾਹੀਦਾ ਹੈ ਅਤੇ ਜਦੋਂ ਦੇਣ ਵਾਲਾ ਵਿਅਕਤੀ ਕਾਫ਼ੀ ਦੂਰੀ 'ਤੇ ਪਹੁੰਚ ਜਾਂਦਾ ਹੈ, ਤਾਂ ਹੀ ਇਸਨੂੰ ਪ੍ਰਾਪਤ ਕਰਨ ਵਾਲਾ ਵਿਅਕਤੀ ਝਿਜਕਦੇ ਹੋਏ ਅੱਗੇ ਆਉਂਦਾ ਹੈ ਅਤੇ ਇਸਨੂੰ ਚੁੱਕ ਲੈਂਦਾ ਹੈ। ਇਨ੍ਹਾਂ ਲੋਕਾਂ ਬਾਰੇ ਸ੍ਰੀ ਥਰਸਟਨ ਕਹਿੰਦੇ ਹਨ: 'ਮੈਂ ਇਨ੍ਹਾਂ ਲੋਕਾਂ (ਨਯਾਦੀਆਂ) ਨੂੰ ਸ਼ੋਰਾਨੂਰ ਵਿੱਚ ਦੇਖਿਆ ਹੈ। ਉਹ ਤਿੰਨ ਮੀਲ ਦੂਰ ਰਹਿੰਦੇ ਸਨ। ਪਰ ਸਦੀਆਂ ਤੋਂ ਉਹ ਪ੍ਰਦੂਸ਼ਣ ਲੈ ਕੇ ਆ ਰਹੇ ਸਨ, ਇਸ ਲਈ ਉਹ ਦਰਿਆ ਉੱਤੇ ਬਣੇ ਵੱਡੇ ਪੁਲ ਤੋਂ ਨਹੀਂ ਸਗੋਂ ਕਈ ਮੀਲ ਲੰਬੇ ਗੋਲ ਚੱਕਰ ਵਾਲੇ ਰਸਤੇ ਤੋਂ ਤੁਰਦੇ ਸਨ।'

**ਲੇਖ ਦਾ ਬਾਕੀ ਭਾਗ ਕਲ.....**

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 26 ਜੂਨ
INTERNATIONAL PAPER, 94636 01616
hardipchumber57@gmail.com

# ਭਾਰਤ ਦੀ ਜਨਗਣਨਾ 2027

ਐਡਵੋਕੇਟ ਕੁਲਦੀਪ ਚੰਦ ਦੋਭੇਟਾ
ਨੇੜੇ ਸਰਕਾਰੀ ਪ੍ਰਾਇਮਰੀ ਸਕੂਲ ਦੋਭੇਟਾ
ਤਹਿਸੀਲ ਨੰਗਲ ਜ਼ਿਲ੍ਹਾ ਰੂਪਨਗਰ ਪੰਜਾਬ
9417563054



**ਭਾਰਤ ਵਿੱਚ 2027 ਵਿੱਚ ਜਨਗਣਨਾ ਕਰਵਾਉਣ ਲਈ ਸਰਕਾਰ ਨੇ ਤਿਆਰੀ ਸ਼ੁਰੂ ਕੀਤੀ, ਕੋਵਿਡ ਕਾਰਨ 2021 ਵਿੱਚ ਰੱਦ ਕੀਤੀ ਗਈ ਸੀ। ਦੇਸ਼ ਵਿੱਚ ਪਹਿਲੀ ਵਾਰ ਜਨਗਣਨਾ ਅਤੇ ਜਾਤੀ ਜਨਗਣਨਾ ਇੱਕੋ ਸਮੇਂ ਕੀਤੀ ਜਾ ਰਹੀ ਹੈ।**

ਜਨਗਣਨਾ ਦੇਸ਼ ਦੇ ਸਾਰੇ ਵਿਅਕਤੀਆਂ ਦੇ ਇੱਕ ਖਾਸ ਸਮੇਂ ਤੇ ਸਬੰਧਤ ਜਨਸੰਖਿਆ, ਆਰਥਿਕ ਅਤੇ ਸਮਾਜਿਕ ਡਾਟਾ ਨੂੰ ਇਕੱਠਾਕਰਨ, ਸੰਕਲਿਤ ਕਰਨ, ਵਿਸ਼ਲੇਸ਼ਣ ਕਰਨ ਅਤੇ ਪ੍ਰਸਾਰਿਤ ਕਰਨ ਦੀ ਪ੍ਰਕਿਰਿਆ ਹੈ। ਇਹ ਜਨਸੰਖਿਆ ਵਿਸ਼ੇਸ਼ਤਾਵਾਂ ਵਿੱਚ ਰੁਝਾਨਾਂ ਨੂੰ ਵੀ ਪ੍ਰਦਾਨ ਕਰਦਾ ਹੈ। ਭਾਰਤੀ ਜਨਗਣਨਾ ਦੁਨੀਆ ਵਿੱਚ ਕੀਤੇ ਗਏ ਸਭ ਤੋਂ ਵੱਡੇ ਪ੍ਰਸ਼ਾਸਕੀ ਅਭਿਆਸਾਂ ਵਿੱਚੋਂ ਇੱਕ ਹੈ। ਦਸ ਸਾਲਾ ਜਨਗਣਨਾ ਰਜਿਸਟਰਾਰ ਜਨਰਲ ਅਤੇ ਜਨਸੰਖਿਆ ਕਮਿਸ਼ਨਰ, ਗ੍ਰਹਿ ਮੰਤਰਾਲੇ ਦੇ ਦਫ਼ਤਰ ਦੁਆਰਾ ਕੀਤੀ ਜਾਂਦੀ ਹੈ। ਸਾਲ 1951 ਤੱਕ ਜਨਗਣਨਾ ਸੰਗਠਨ ਹਰੇਕ ਜਨਗਣਨਾ ਲਈ ਐਡਹਾਕ ਆਧਾਰ ਤੇ ਸਥਾਪਤ ਕੀਤਾ ਗਿਆ ਸੀ। ਭਾਰਤ ਵਿੱਚ ਜਨਗਣਨਾ ਐਕਟ 1948 ਅਤੇ ਜਨਗਣਨਾ ਨਿਯਮਾਂ 1990 ਦੇ ਉਪਬੰਧਾਂ ਅਧੀਨ ਹੀ ਜਨਗਣਨਾ ਕੀਤੀ ਜਾਂਦੀ ਹੈ। ਇਸ ਐਕਟ ਲਈ ਬਿਲ ਭਾਰਤ ਦੇ ਸਵਰਗੀ ਗ੍ਰਹਿ ਮੰਤਰੀ ਸਰਦਾਰ ਵੱਲਭਭਾਈ ਪਟੇਲ ਦੁਆਰਾ ਪੇਸ਼ ਕੀਤਾ ਗਿਆ ਸੀ। ਜਨਸੰਖਿਆ ਜਨਗਣਨਾ ਭਾਰਤੀ ਸੰਵਿਧਾਨ ਦੇ ਅਨੁਛੇਦ 246 ਦੇ ਤਹਿਤ ਇੱਕ ਕੇਂਦਰੀ ਵਿਸ਼ਾ ਹੈ। ਇਹ ਸੰਵਿਧਾਨ ਦੇ ਸੱਤਵੇਂ ਸ਼ਡਿਊਲ ਦੇ ਲੜੀ ਨੰਬਰ 69 ਤੇ ਸੂਚੀਬੱਧ ਹੈ। ਜਨਸੰਖਿ ਜਨਗਣਨਾ ਦੌਰਾਨ ਇਕੱਠੀ ਕੀਤੀ ਗਈ ਜਾਣਕਾਰੀ ਇੰਨੀ ਗੁਪਤ ਹੁੰਦੀ ਹੈ ਕਿ ਇਹ ਕਾਨੂੰਨ ਦੀਆਂ ਅਦਾਲਤਾਂ ਤੱਕ ਵੀ ਪਹੁੰਚਯੋਗ ਨਹੀਂ ਹੈ ਕਿਉਂਕਿ ਇਸਨੂੰ ਜਨਗਣਨਾ ਐਕਟ 1948 ਦੁਆਰਾ ਗੁਪਤ ਰੱਖਣ ਦੀ ਗਰੰਟੀ ਦਿੱਤੀ ਗਈ ਹੈ। ਇਹ ਕਾਨੂੰਨ ਐਕਟ ਦੇ ਕਿਸੇ ਵੀ ਉਪਬੰਧ ਦੀ ਪਾਲਣਾ ਨਾ ਕਰਨ ਜਾਂ ਉਲੰਘਣਾ ਕਰਨ ਲਈ ਜਨਤਾ ਅਤੇ ਜਨਗਣਨਾ ਅਧਿਕਾਰੀਆਂ ਦੋਵਾਂ ਲਈ ਜੁਰਮਾਨੇ ਨਿਰਧਾਰਤ ਕਰਦਾ ਹੈ। ਭਾਰਤੀ ਜਨਗਣਨਾ ਭਾਰਤ ਦੇ ਲੋਕਾਂ ਦੀਆਂ ਵੱਖ-ਵੱਖ ਵਿਸ਼ੇਸ਼ਤਾਵਾਂ ਬਾਰੇ ਵੱਖ-ਵੱਖ ਅੰਕੜਾ ਜਾਣਕਾਰੀ ਦਾ ਸਭ ਤੋਂ ਵੱਡਾ ਇਕੱਲਾ ਸਰੋਤ ਹੈ। ਖੋਜਕਰਤਾ ਅਤੇ ਜਨਸੰਖਿਆ ਵਿਗਿਆਨੀ ਆਬਾਦੀ ਦੇ ਵਾਧੇ ਅਤੇ ਰੁਝਾਨਾਂ ਦਾ ਵਿਸ਼ਲੇਸ਼ਣ ਕਰਨ ਅਤੇ ਅਨੁਮਾਨ ਲਗਾਉਣ ਲਈ ਜਨਗਣਨਾ ਡਾਟਾਦੀ ਵਰਤੋਂ ਕਰਦੇ ਹਨ। ਜਨਗਣਨਾ ਦੁਆਰਾ ਇਕੱਤਰ ਕੀਤੇ ਗਏ ਡਾਟਾ ਦੀ ਵਰਤੋਂ ਪ੍ਰਸ਼ਾਸਨ, ਯੋਜਨਾਬੰਦੀ ਅਤੇ ਨੀਤੀ ਨਿਰਮਾਣ ਦੇ ਨਾਲ-ਨਾਲ ਸਰਕਾਰ ਦੁਆਰਾ ਵੱਖ-ਵੱਖ ਪ੍ਰੋਗਰਾਮਾਂ ਦੇ ਪ੍ਰਬੰਧਨ ਅਤੇ ਮੁਲੰਕਣ ਲਈ ਕੀਤੀ ਜਾਂਦੀ ਹੈ। ਇਸਦੀ ਵਰਤੋਂ ਹਲਕਿਆਂ ਦੀ ਸੀਮਾ ਨਿਰਧਾਰਤ ਕਰਨ ਅਤੇ ਸੰਸਦ, ਰਾਜ ਵਿਧਾਨ ਸਭਾਵਾਂ ਅਤੇ ਸਥਾਨਕ ਸੰਸਥਾਵਾਂ ਨੂੰ ਪ੍ਰਤੀਨਿਧਤਾ ਦੇਣ ਲਈ ਵੀ ਕੀਤੀ ਜਾਂਦੀ ਹੈ। ਹਰ 10 ਸਾਲਾਂ ਬਾਅਦ ਕੀਤੀ ਜਾਣ ਵਾਲੀ ਇਹ ਜਨਗਣਨਾ ਵੱਖ-ਵੱਖ ਯੋਜਨਾਬੰਦੀ ਅਤੇ ਵਿਕਾਸ ਉਦੇਸ਼ਾਂ ਲਈ ਮਹੱਤਵਪੂਰਨ ਜਨਸੰਖਿਆ ਅਤੇ ਸਮਾਜਿਕ-ਆਰਥਿਕ ਡਾਟਾ ਇਕੱਠੀ ਕਰਦੀ ਹੈ। ਇਹ ਜਾਣਕਾਰੀ ਆਬਾਦੀ ਦੇ ਰੁਝਾਨਾਂ, ਸਰੋਤ ਵੰਡ ਅਤੇ ਸਮਾਜ ਦੀ ਬਿਹਤਰੀ ਲਈ ਨੀਤੀ ਨਿਰਮਾਣ ਨੂੰ ਸਮਝਣ ਵਿੱਚ ਮੱਦਦ ਕਰਦੀ ਹੈ। ਜਨਗਣਨਾ ਆਬਾਦੀ ਦੀਆਂ ਵਿਸ਼ੇਸ਼ਤਾਵਾਂ ਦੀ ਇੱਕ ਵਿਆਪਕ ਤਸਵੀਰ ਪ੍ਰਦਾਨ ਕਰਦੀ ਹੈ ਜਿਸ ਵਿੱਚ ਉਮਰ, ਲਿੰਗ, ਕਿੱਤਾ, ਸਿੱਖਿਆ ਅਤੇ ਹੋਰ ਸੰਬੰਧਿਤ ਵੇਰਵੇ ਸ਼ਾਮਲ ਹਨ। ਇਕੱਠਾ ਕੀਤਾ ਗਿਆ ਡਾਟਾ ਬੁਨਿਆਦੀ ਢਾਂਚਾ ਵਿਕਾਸ, ਸਿਹਤ ਸੰਭਾਲ, ਸਿੱਖਿਆ ਅਤੇ ਸਮਾਜ ਭਲਾਈ ਪ੍ਰੋਗਰਾਮਾਂ ਵਰਗੇ ਖੇਤਰਾਂ ਵਿੱਚ ਸੂਚਿਤ ਫੈਸਲੇ ਲੈਣ ਲਈ ਜ਼ਰੂਰੀ ਹੈ। ਜਨਗਣਨਾ ਡਾਟਾ ਵਪਾਰਕ ਘਰਾਣਿਆਂ ਅਤੇ ਉਦਯੋਗਾਂ ਲਈ ਉਨ੍ਹਾਂ ਖੇਤਰਾਂ ਵਿੱਚ ਪ੍ਰਵੇਸ਼ ਲਈ ਆਪਣੇ ਕਾਰੋਬਾਰ ਨੂੰ ਮਜ਼ਬੂਤ ਕਰਨ ਅਤੇ ਯੋਜਨਾ ਬਣਾਉਣ ਲਈ ਵੀ ਮਹੱਤਵਪੂਰਨ ਹੈ ਜੋ ਹੁਣ ਤੱਕ ਬਾਂਝੇ ਰਹੇ ਸਨ। ਵਿੱਤ ਕਮਿਸ਼ਨ ਜਨਗਣਨਾ ਡਾਟਾ ਤੋਂ ਉਪਲੱਬਧ ਆਬਾਦੀ ਦੇ ਅੰਕੜਿਆਂ ਦੇ ਆਧਾਰ ਤੇ ਰਾਜਾਂ ਨੂੰ ਗ੍ਰਾਂਟਾਂ ਪ੍ਰਦਾਨ ਕਰਦਾ ਹੈ। ਇਹ ਦਾਅਵਾ ਕੀਤਾ ਜਾਂਦਾ ਹੈ ਕਿ ਸਰਕਾਰ ਜਨਗਣਨਾ ਨਾਲ ਸਬੰਧਤ ਜੋ ਵੀ ਜਾਣਕਾਰੀ ਇਕੱਠੀ ਕਰਦੀ ਹੈ ਉਹ ਕਿਸੇ ਵੀ ਨਿੱਜੀ ਏਜੰਸੀ ਨਾਲ ਸਾਂਝੀ ਨਹੀਂ ਕੀਤੀ ਜਾਂਦੀ। ਇਸ ਡਾਟਾ ਨੂੰ ਫਿਲਟਰ ਕੀਤਾ ਜਾਂਦਾ ਹੈ ਅਤੇ ਵੱਖ-ਵੱਖ ਸ਼੍ਰੇਣੀਆਂ ਵਿੱਚ ਵੰਡਣ ਤੋਂ ਬਾਅਦ ਇਸਨੂੰ ਰਾਸ਼ਟਰੀ ਜਨਸੰਖਿਆ ਰਜਿਸਟਰ ਵਿੱਚ ਅੰਤਿਮ ਰੂਪ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਜਨਗਣਨਾ ਡਾਟਾਬੇਸ ਤਿਆਰ ਕੀਤਾ ਜਾਂਦਾ ਹੈ ਜਿਸਦੀ ਵਰਤੋਂ ਸਰਕਾਰ ਦੁਆਰਾ ਕੀਤੀ ਜਾਂਦੀ ਹੈ। ਜਨਗਣਨਾ ਇੱਕ ਮਹੱਤਵਪੂਰਨ ਪ੍ਰਕਿਰਿਆ ਹੈ ਜੋ ਭਾਰਤ ਦੇ ਵਿਕਾਸ ਅਤੇ ਪ੍ਰਸ਼ਾਸਨ ਲਈ ਬਹੁਤ ਜ਼ਰੂਰੀ ਹੈ। ਜਨਗਣਨਾ ਤੋਂ ਮਿਲਣ ਵਾਲੇ ਅੰਕੜੇ ਸਰਕਾਰਾਂ ਨੂੰ ਨੀਤੀਆਂ ਬਣਾਉਣ, ਯੋਜਨਾਵਾਂ ਬਣਾਉਣ ਅਤੇ ਵੱਖ-ਵੱਖ ਭਾਈਚਾਰਿਆਂ ਦੀਆਂ ਲੋੜਾਂ ਨੂੰ ਪੂਰਾ ਕਰਨ ਵਿੱਚ ਮੱਦਦ ਕਰਦੇ ਹਨ। ਜਨਗਣਨਾ ਤੋਂ ਪਤਾ ਲੱਗਦਾ ਹੈ ਕਿ ਕਿੰਨੇ ਲੋਕ ਕਿੱਥੇ ਰਹਿੰਦੇ ਹਨ ਜਿਸ ਨਾਲ ਸਰਕਾਰਾਂ ਨੂੰ ਵੱਖ-ਵੱਖ ਖੇਤਰਾਂ ਵਿੱਚ ਸਹੂਲਤਾਂ ਪ੍ਰਦਾਨ ਕਰਨ ਵਿੱਚ ਮੱਦਦ ਮਿਲਦੀ ਹੈ। ਜਨਗਣਨਾ ਵਿੱਚ ਲੋਕਾਂ ਦੀ ਆਮਦਨ, ਸਿੱਖਿਆ, ਰੁਜ਼ਗਾਰ ਅਤੇ ਰਹਿਣ-ਸਹਿਣ ਦੇ ਹਾਲਾਤਾਂ ਬਾਰੇ ਜਾਣਕਾਰੀ ਇਕੱਠੀ ਕੀਤੀ ਜਾਂਦੀ ਹੈ ਜਿਸ ਨਾਲ ਸਮਾਜਿਕ ਅਤੇ ਆਰਥਿਕ ਵਿਕਾਸ ਲਈ ਯੋਜਨਾਵਾਂ ਬਣਾਈਆਂ ਜਾ ਸਕਦੀਆਂ ਹਨ। ਜਨਗਣਨਾ ਵਿੱਚ ਮਾਂ-ਬੋਲੀ ਅਤੇ ਹੋਰ ਭਾਸ਼ਾਵਾਂ ਬਾਰੇ ਜਾਣਕਾਰੀ ਇਕੱਠੀ ਕੀਤੀ ਜਾਂਦੀ ਹੈ ਜਿਸ ਨਾਲ ਭਾਸ਼ਾਈ ਅਤੇ ਸੱਭਿਆਚਾਰਕ ਵਿਭਿੰਨਤਾਵਾਂ ਨੂੰ ਸਮਝਿਆ ਜਾ ਸਕਦਾ ਹੈ। ਜਨਗਣਨਾ ਤੋਂ ਮਿਲਣ ਵਾਲੇ ਅੰਕੜੇ ਵੱਖ-ਵੱਖ ਭਾਈਚਾਰਿਆਂ ਦੀਆਂ ਲੋੜਾਂ ਅਤੇ ਸਮੱਸਿਆਵਾਂ ਨੂੰ ਸਮਝਣ ਵਿੱਚ ਮੱਦਦ ਕਰਦੇ ਹਨ ਜਿਸ ਨਾਲ ਸਰਕਾਰਾਂ ਉਨ੍ਹਾਂ ਲਈ ਵਿਸ਼ੇਸ਼ ਯੋਜਨਾਵਾਂ ਬਣਾ ਸਕਦੀਆਂ ਹਨ। ਜਨਗਣਨਾ ਦੇ ਅੰਕੜਿਆਂ ਦੀ ਵਰਤੋਂ ਵੋਟਿੰਗ ਹਲਕਿਆਂ ਨੂੰ ਨਿਰਧਾਰਤ ਕਰਨ ਲਈ ਵੀ ਕੀਤੀ ਜਾਂਦੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਹਰ ਵਿਅਕਤੀ ਨੂੰ ਵੋਟ ਪਾਉਣ ਦਾ ਮੌਕਾ ਮਿਲੇ। ਜਨਗਣਨਾ ਦੇ ਅੰਕੜਿਆਂ ਦੀ ਵਰਤੋਂ ਕਰਕੇ ਸਰਕਾਰਾਂ ਵੱਖ-ਵੱਖ ਖੇਤਰਾਂ ਜਿਵੇਂ ਕਿ ਸਿੱਖਿਆ, ਸਿਹਤ, ਆਵਾਸ ਅਤੇ ਰੁਜ਼ਗਾਰ ਆਦਿ ਲਈ ਯੋਜਨਾਵਾਂ ਅਤੇ ਨੀਤੀਆਂ ਬਣਾਉਂਦੀਆਂ ਹਨ। ਜਨਗਣਨਾ ਦੇ ਅੰਕੜੇ ਖੋਜਕਰਤਾਵਾਂ ਅਤੇ ਵਿਦਵਾਨਾਂ ਲਈ ਬਹੁਤ ਮਹੱਤਵਪੂਰਨ ਹੁੰਦੇ ਹਨ ਜੋ ਸਮਾਜਿਕ, ਆਰਥਿਕ ਅਤੇ ਭੂਗੋਲਿਕ ਵਿਸ਼ਿਆਂ ਤੇ ਅਧਿਐਨ ਕਰਦੇ ਹਨ। ਦੇਸ਼ ਵਿੱਚ ਪਹਿਲੀ ਜਨਗਣਨਾ ਸਾਲ 1872 ਵਿੱਚ ਉਸ ਸਮੇਂ ਦੇ ਗਵਰਨਰ-ਜਨਰਲ ਲਾਰਡ ਮੇਓ ਦੇ ਰਾਜ ਦੌਰਾਨ ਕੀਤੀ ਗਈ ਸੀ ਪਰ ਪੂਰੀ ਜਨਗਣਨਾ ਸਾਲ 1881 ਵਿੱਚ ਹੀ ਕੀਤੀ ਗਈ ਸੀ।




ਇਸ ਤੋਂ ਬਾਅਦ ਆਮ ਤੋਰ ਤੇ ਹਰ 10 ਸਾਲਾਂ ਬਾਅਦ ਜਨਗਣਨਾ ਕੀਤੀ ਜਾਣ ਲੱਗੀ। ਭਾਰਤ ਦੀ ਆਜ਼ਾਦੀ ਤੋਂ ਪਹਿਲਾਂ 1881, 1891, 1901, 1911, 1921, 1931 ਅਤੇ 1941 ਵਿੱਚ ਜਨਗਣਨਾ ਕੀਤੀ ਗਈ ਸੀ। ਆਜ਼ਾਦੀ ਤੋਂ ਬਾਅਦ ਪਹਿਲੀ ਜਨਗਣਨਾ ਸਾਲ 1951 ਵਿੱਚ ਕੀਤੀ ਗਈ ਸੀ ਅਤੇ ਫਿਰ 1961, 1971, 1991, 2001 ਅਤੇ 2011 ਵਿੱਚ ਜਨਗਣਨਾ ਕੀਤੀ ਗਈ ਸੀ। ਭਾਰਤ ਦੀ ਆਖਰੀ ਜਨਗਣਨਾ ਸਾਲ 2011 ਵਿੱਚ ਦੋ ਪੜਾਵਾਂ ਵਿੱਚ ਕੀਤੀ ਗਈ ਸੀ। ਪੜਾਅ 01 ਵਿੱਚ ਮਕਾਨ ਸੂਚੀਕਰਨ 01 ਅਪ੍ਰੈਲ ਤੋਂ 30 ਸਤੰਬਰ 2010 ਅਤੇ ਪੜਾਅ 02 ਵਿੱਚ ਜਨਗਣਨਾ 09 ਫਰਵਰੀ ਤੋਂ 28 ਫਰਵਰੀ 2011 ਸੰਦਰਭ ਮਿਤੀ ਮਾਰਚ 2011 ਨੂੰ ਪਹਿਲੇ ਦਿਨ 00:00 ਵਜੇ ਅਤੇ ਜੰਮੂ ਅਤੇ ਕਸ਼ਮੀਰ, ਉੱਤਰਾਖੰਡ ਅਤੇ ਹਿਮਾਚਲ ਪ੍ਰਦੇਸ਼ ਦੇ ਬਰਫ਼ ਨਾਲ ਢਕੇ ਖੇਤਰਾਂ ਲਈ ਇਹ 11 ਤੋਂ 30 ਸਤੰਬਰ 2010 ਦੌਰਾਨ ਆਯੋਜਿਤ ਕੀਤੀ ਗਈ ਸੀ ਅਤੇ ਸੰਦਰਭ ਅਕਤੂਬਰ 2010 ਦੇ ਪਹਿਲੇ ਦਿਨ 00.00 ਵਜੇ ਸੀ। ਜਨਗਣਨਾ 2021 ਨੂੰ ਵੀ ਇਸੇ ਤਰ੍ਹਾਂ ਦੋ ਪੜਾਵਾਂ ਵਿੱਚ ਆਯੋਜਿਤ ਕਰਨ ਦਾ ਪ੍ਰਸਤਾਵ ਸੀ ਪਹਿਲਾ ਪੜਾਅ ਅਪ੍ਰੈਲ-ਸਤੰਬਰ 2020 ਦੌਰਾਨ ਅਤੇ ਦੂਜਾ ਪੜਾਅ ਫਰਵਰੀ 2021 ਵਿੱਚ ਆਯੋਜਿਤ ਕੀਤਾ ਜਾਣਾ ਸੀ। 2021 ਵਿੱਚ ਆਯੋਜਿਤ ਕੀਤੀ ਜਾਣ ਵਾਲੀ ਜਨਗਣਨਾ ਦੇ ਪਹਿਲੇ ਪੜਾਅ ਦੀਆਂ ਸਾਰੀਆਂ ਤਿਆਰੀਆਂ ਪੂਰੀਆਂ ਹੋ ਗਈਆਂ ਸਨ ਅਤੇ 1 ਅਪ੍ਰੈਲ 2020 ਤੋਂ ਕੁਝ ਰਾਜਾਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਫੀਲਡ ਵਰਕ ਸ਼ੁਰੂ ਹੋਣ ਵਾਲਾ ਸੀ ਪਰੰਤੂ ਕੋਵਿਡ-19 ਮਹਾਮਾਰੀ ਫੈਲਣ ਕਾਰਨ ਜਨਗਣਨਾ ਦਾ ਕੰਮ ਰੱਦ ਕੀਤਾ ਗਿਆ ਸੀ। ਹੁਣ ਭਾਰਤ ਸਰਕਾਰ ਨੇ ਐਲਾਨ ਕੀਤਾ ਹੈ ਕਿ ਦੇਸ਼ ਦੀ ਅਗਲੀ ਜਨਗਣਨਾ ਸਾਲ 2027 ਵਿੱਚ ਕੀਤੀ ਜਾਵੇਗੀ। ਗ੍ਰਹਿ ਮੰਤਰਾਲੇ ਨੇ ਇਸ ਸਬੰਧੀ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ ਹੈ। ਗ੍ਰਹਿ ਮੰਤਰਾਲੇ ਨੇ 16 ਜੂਨ ਨੂੰ ਜਨਗਣਨਾ ਐਕਟ 1948 ਦੇ ਤਹਿਤ ਜਨਗਣਨਾ ਅਤੇ ਜਾਤੀ ਜਨਗਣਨਾ ਨਾਲ ਸਬੰਧਤ ਅਧਿਕਾਰਤ ਗਜ਼ਟ ਨੋਟੀਫਿਕੇਸ਼ਨ ਜਾਰੀ ਕੀਤੀ ਹੈ। ਇਸ ਤੋਂ ਬਾਅਦ ਜਨਗਣਨਾ ਨਾਲ ਸਬੰਧਤ ਵੱਖ-ਵੱਖ ਏਜੰਸੀਆਂ ਤਿਆਰੀਆਂ ਸ਼ੁਰੂ ਕਰ ਦੇਣਗੀਆਂ। ਇਸ ਲਈ ਪਹਿਲਾਂ ਸਟਾਫ ਨਿਯੁਕਤ ਕੀਤਾ ਜਾਵੇਗਾ, ਸਿਖਲਾਈ ਦਿੱਤੀ ਜਾਵੇਗੀ, ਫਾਰਮੈਟ ਤਿਆਰ ਕੀਤਾ ਜਾਵੇਗਾ ਅਤੇ ਫੀਲਡ ਵਰਕ ਦੀ ਯੋਜਨਾ ਬਣਾਈ ਜਾਵੇਗੀ। ਦੇਸ਼ ਵਿੱਚ ਪਹਿਲੀ ਵਾਰ ਜਨਗਣਨਾ ਅਤੇ ਜਾਤੀ ਜਨਗਣਨਾ ਇੱਕੋ ਸਮੇਂ ਕੀਤੀ ਜਾ ਰਹੀ ਹੈ। ਜਾਤੀਆਂ ਦੀ ਜਨਗਣਨਾ ਦੇ ਨਾਲ-ਨਾਲ ਜਨਗਣਨਾ 2027 ਨੂੰ ਦੋ ਪੜਾਵਾਂ ਵਿੱਚ ਕਰਵਾਉਣ ਦਾ ਫੈਸਲਾ ਲਿਆ ਗਿਆ ਹੈ। ਜਨਗਣਨਾ 2027 ਲਈ ਸੰਦਰਭ ਮਿਤੀ ਮਾਰਚ 2027 ਦੇ ਪਹਿਲੇ ਦਿਨ 00.00 ਵਜੇ ਹੋਵੇਗੀ। ਕੇਂਦਰ ਸ਼ਾਸਿਤ ਪ੍ਰਦੇਸ਼ ਲੱਦਾਖ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਜੰਮੂ-ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਰਾਜਾਂ ਦੇ ਬਰਫੀਲੇ ਖੇਤਰਾਂ ਦੇ ਲਈ ਸੰਦਰਭ ਮਿਤੀ ਅਕਤੂਬਰ 2026 ਦੇ ਪਹਿਲੇ ਦਿਨ 00.00 ਵਜੇ ਹੋਵੇਗੀ। ਜਨਗਣਨਾ ਐਕਟ 1948 ਦੀ ਧਾਰਾ 3 ਦੇ ਪ੍ਰਾਵਧਾਨ ਅਨੁਸਾਰ ਉਪਰੋਕਤ ਸੰਦਰਭ ਮਿਤੀਆਂ ਦੇ ਨਾਲ ਜਨਗਣਨਾ ਕਰਵਾਉਣ ਦੇ ਇਰਾਦੇ ਦੀ ਸੂਚਨਾ 16 ਜੂਨ 2025 ਨੂੰ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਿਤ ਕੀਤੀ ਗਈ ਹੈ। ਗ੍ਰਹਿ ਮੰਤਰਾਲੇ ਭਾਰਤ ਸਰਕਾਰ ਅਧੀਨ ਰਜਿਸਟਰਾਰ ਜਨਰਲ ਦਫ਼ਤਰ, ਨਵੀਂ ਦਿੱਲੀ ਭਾਰਤ ਵਲੋਂ ਮਿਤੀ 16 ਜੂਨ 2025 ਨੂੰ ਫਾਇਲ ਨੰਬਰ 9/8/2025-ਸੀ ਡੀ (ਸੀਈਐਨ) ਦੁਆਰਾ ਜਾਰੀ ਨੋਟੀਫਿਕੇਸ਼ਨ ਵਿੱਚ ਕਿਹਾ ਗਿਆ ਹੈ ਕਿ ਗ੍ਰਹਿ ਮੰਤਰਾਲੇ (ਰਜਿਸਟਰਾਰ ਜਨਰਲ ਦਫ਼ਤਰ, ਭਾਰਤ) ਨੰਬਰ ਐਸ.ਓ. ਵਿੱਚ ਭਾਰਤ ਸਰਕਾਰ ਦੀ ਨੋਟੀਫਿਕੇਸ਼ਨ ਦੀ ਥਾਂ ਲੈਂਦੇ ਹੋਏ ਐਸ.ਓ. 2681(ਈ)—ਜਨਗਣਨਾ ਐਕਟ, 1948 (1948 ਦਾ 37) ਦੀ ਧਾਰਾ 3 ਦੁਆਰਾ ਪ੍ਰਦਾਨ ਕੀਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ 1455 (5) ਮਿਤੀ 26 ਮਾਰਚ 2019 ਨੂੰ ਭਾਰਤ ਦੇ ਗਜ਼ਟ ਅਸਾਧਾਰਨ ਭਾਗ 99 ਭਾਗ 3 ਉਪ-ਧਾਰਾ (!!) ਮਿਤੀ 28 ਮਾਰਚ 2019 ਨੂੰ ਪ੍ਰਕਾਸ਼ਿਤ ਅਜਿਹੇ ਸੁਪਰਸੈਸ਼ਨ ਤੋਂ ਪਹਿਲਾਂ ਕੀਤੇ ਗਏ ਜਾਂ ਕੀਤੇ ਜਾਣ ਤੋਂ ਹਟਾਏ ਗਏ ਕੰਮਾਂ ਨੂੰ ਛੱਡਕੇ ਕੇਂਦਰ ਸਰਕਾਰ ਐਲਾਨ ਕਰਦੀ ਹੈ ਕਿ ਭਾਰਤ ਦੀ ਆਬਾਦੀ ਦੀ ਜਨਗਣਨਾ ਸਾਲ 2027 ਦੌਰਾਨ ਕੀਤੀ ਜਾਵੇਗੀ। ਉਨ੍ਹਾਂ ਅਨੁਸਾਰ ਉਕਤ ਜਨਗਣਨਾ ਲਈ ਕੇਂਦਰ ਸ਼ਾਸਤ ਪ੍ਰਦੇਸ਼ ਲੱਦਾਖ ਅਤੇ ਜੰਮੂ-ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਰਾਜਾਂ ਦੇ ਬਰਫ਼ ਨਾਲ ਢਕੇ ਖੇਤਰਾਂ ਨੂੰ ਛੱਡਕੇ ਹਵਾਲਾ ਮਿਤੀ 1 ਮਾਰਚ 2027 ਦੇ 00.00 ਘੰਟੇ ਹੋਵੇਗੀ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਲੱਦਾਖ ਅਤੇ ਜੰਮੂ-ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਰਾਜਾਂ ਦੇ ਬਰਫ਼ ਨਾਲ ਢਕੇ ਖੇਤਰਾਂ ਦੇ ਸੰਬੰਧ ਵਿੱਚ ਹਵਾਲਾ ਮਿਤੀ 1 ਅਕਤੂਬਰ 2026 ਦੇ 00:00 ਵਜੇ ਹੋਵੇਗੀ। ਇਹ ਨੋਟੀਫਿਕੇਸ਼ਨ ਮ੍ਰਿਤੰਜਯ ਕੁਮਾਰ ਨਾਰਾਇਣ ਰਜਿਸਟਰਾਰ ਜਨਰਲ ਅਤੇ ਜਨਗਣਨਾ ਕਮਿਸ਼ਨਰ ਦੁਆਰਾ ਜਾਰੀ ਕੀਤਾ ਗਿਆ ਅਤੇ ਭਾਰਤ ਸਰਕਾਰ ਦੀ ਪ੍ਰਿੰਟਿੰਗ ਪ੍ਰੈਸ ਰਿੰਗ ਰੋਡ ਮਾਇਆਪੁਰੀ ਨਵੀਂ ਦਿੱਲੀ ਵਿਖੇ ਛਾਪਿਆ ਗਿਆ ਹੈ ਅਤੇ ਕੰਟਰੋਲਰ ਆਫ ਪਬਲਿਕੇਸ਼ਨ ਦੁਆਰਾ ਪ੍ਰਕਾਸ਼ਿਤ ਗਿਆ ਹੈ। ਜਨਗਣਨਾ ਦਾ ਆਖਰੀ ਪੜਾਅ 1 ਮਾਰਚ 2027 ਤੱਕ ਪੂਰਾ ਹੋ ਜਾਵੇਗਾ। ਇਹ ਪੂਰੀ ਪ੍ਰਕਿਰਿਆ ਡਿਜੀਟਲ ਰੂਪ ਵਿੱਚ ਪੂਰੀ ਕੀਤੀ ਜਾਵੇਗੀ। ਜਨਗਣਨਾ ਲਈ ਸਰਕਾਰੀ ਕਰਮਚਾਰੀ ਨਿਯੁਕਤ ਕੀਤੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਗਣਨਾਕਾਰ ਕਿਹਾ ਜਾਂਦਾ ਹੈ। ਉਹ ਜਨਗਣਨਾ ਲਈ ਨਿਰਧਾਰਿਤ ਖੇਤਰ ਵਿੱਚ ਪਹੁੰਚਦੇ ਹਨ ਅਤੇ ਕਈ ਤਰ੍ਹਾਂ ਦੀ ਜਾਣਕਾਰੀ ਇਕੱਠੀ ਕਰਦੇ ਹਨ। ਸਰਕਾਰ ਉਨ੍ਹਾਂ ਨੂੰ ਇੱਕ ਖਾਸ ਕਿਸਮ ਦਾ ਪਹਿਚਾਣ ਪੱਤਰ ਦਿੰਦੀ ਹੈ। ਜੇਕਰ ਕਿਸੇ ਵਿਅਕਤੀ ਨੂੰ ਕੋਈ ਸ਼ੱਕ ਹੋਵੇ ਤਾਂ ਉਨ੍ਹਾਂ ਨੂੰ ਆਪਣਾ ਅਧਿਕਾਰਤ ਪਹਿਚਾਣ ਪੱਤਰ ਦਿਖਾਉਣ ਲਈ ਕਹਿ ਸਕਦਾ ਹੈ। ਦੇਸ਼ ਵਿੱਚ ਜਨਗਣਨਾ 02 ਭਾਗਾ ਵਿੱਚ ਕੀਤੀ ਜਾਂਦੀ ਹੈ। ਪਹਿਲੀ ਹਾਉਸਿੰਗ ਅਤੇ ਦੂਜੀ ਹਾਉਸਿੰਗ ਸੈਂਸਸ। ਹਾਊਸਿੰਗ ਵਿੱਚ ਘਰ ਨਾਲ ਸਬੰਧਤ ਸਵਾਲ ਪੁੱਛੇ ਜਾਂਦੇ ਹਨ ਜਿਸ ਵਿੱਚ ਬਿਜਲੀ, ਪੀਣ ਵਾਲਾ ਪਾਣੀ, ਟਾਇਲਟ, ਜਾਇਦਾਦ ਅਤੇ ਜਾਇਦਾਦ ਦੇ ਕਬਜ਼ੇ ਨਾਲ ਸਬੰਧਤ ਸਵਾਲ ਪੁੱਛੇ ਜਾਂਦੇ ਹਨ। ਜਨਗਣਨਾ ਦੇ ਰਿਕਾਰਡ ਦਰਸਾਉਂਦੇ ਹਨ ਕਿ ਹਰ ਵਾਰ ਸਵਾਲਾਂ ਦੀ ਗਿਣਤੀ ਵਧਦੀ ਜਾਂਦੀ ਹੈ। ਸਾਲ 2001 ਵਿੱਚ ਹੋਈ ਜਨਗਣਨਾ ਦੇ ਮੁਕਾਬਲੇ 2011 ਦੀ ਜਨਗਣਨਾ ਵਿੱਚ ਬਹੁਤ ਸਾਰੇ ਵਾਧੂ ਸਵਾਲ ਪੁੱਛੇ ਗਏ ਸਨ। ਸਾਲ 2001 ਦੀ ਜਨਗਣਨਾ ਨਾਮ, ਜ਼ਿਲ੍ਹਾ ਅਤੇ ਰਾਜ ਵਰਗੇ ਮੁੱਢਲੇ ਸਵਾਲਾਂ ਤੱਕ ਸੀਮਿਤ ਸੀ ਪਰੰਤੂ 2011 ਦੀ ਜਨਗਣਨਾ ਵਿੱਚ ਪਿੰਡ ਦਾ ਨਾਮ ਵੀ ਸ਼ਾਮਲ ਸੀ। ਜਨਗਣਨਾ ਦਾ ਦੂਜਾ ਰੂਪ ਰਾਸ਼ਟਰੀ ਜਨਸੰਖਿਆ ਰਜਿਸਟਰ ਦਾ ਹੁੰਦਾ ਹੈ ਜਿਸ ਵਿੱਚ ਪਰਿਵਾਰਕ ਮੈਂਬਰਾਂ ਨਾਲ ਸਬੰਧਤ ਸਵਾਲ ਦਰਜ ਹੁੰਦੇ ਹਨ ਜਿਸਨੂੰ ਗਣਨਾਕਾਰ ਪੁੱਛਦੇ ਹਨ ਅਤੇ ਉਸਨੂੰ ਭਰਦੇ ਜਾਂਦੇ ਹਨ। ਇਸ ਵਿੱਚ ਬਹੁਤ ਸਾਰੇ ਸਵਾਲ ਹਨ ਜਿਵੇਂ ਕਿ ਨਾਮ, ਲਿੰਗ, ਮਾਤਾ ਦਾ ਨਾਮ, ਪਿਤਾ ਦਾ ਨਾਮ, ਜਨਮ ਮਿਤੀ, ਵਿਆਹੁਤਾ ਸਥਿਤੀ, ਅਸਥਾਈ ਪਤਾ, ਮੌਜੂਦਾ ਪਤਾ, ਪਰਿਵਾਰ ਦਾ ਮੁਖੀ ਕੌਣ ਹੈ ਅਤੇ ਮੁਖੀ ਨਾਲ ਕੀ ਸਬੰਧ ਹੈ ਆਦਿ ਸਵਾਲ ਸ਼ਾਮਲ ਹਨ। ਯੋਜਨਾਬੱਧ 2021 ਦੀ ਜਨਗਣਨਾ ਲਈ ਅੰਤਿਮ ਰੂਪ ਦਿੱਤੇ ਗਏ ਲੱਗਭੱਗ 24 ਲੱਖ ਬਲਾਕਾਂ ਨੂੰ 2027 ਦੇ ਅਭਿਆਸ ਲਈ ਵਰਤੇ ਜਾਣ ਦੀ ਸੰਭਾਵਨਾ ਹੈ। ਲੱਗਭੱਗ 30 ਲੱਖ ਗਣਨਾਕਾਰ ਜਿਨ੍ਹਾਂ ਵਿੱਚ ਵੱਡੀ ਗਿਣਤੀ ਵਿੱਚ ਸਰਕਾਰੀ ਸਕੂਲ ਅਧਿਆਪਕ ਸ਼ਾਮਲ ਹਨ ਨੂੰ ਮੋਬਾਈਲ ਐਪਲੀਕੇਸ਼ਨ ਤੇ ਨਵੇਂ ਸਿਰੇ ਤੋਂ ਸਿਖਲਾਈ ਦਿੱਤੀ ਜਾਵੇਗੀ ਜੋ ਅਭਿਆਸ ਲਈ ਤਿਆਰ ਕੀਤੀ ਗਈ ਹੈ। ਇਸ ਸਿਖਲਾਈ ਮੈਨੂਅਲ ਵਿੱਚ ਇੱਕ ਮਹੱਤਵਪੂਰਨ ਵਾਧਾ ਜਾਤ ਦੀ ਗਣਨਾ ਹੋਵੇਗਾ। ਜਾਤਾਂ ਨੂੰ ਰਿਕਾਰਡ ਕਰਨ ਲਈ ਇੱਕ ਹੋਰ ਡਰੌਪ ਬਾਕਸ ਅਨੁਸੂਚਿਤ ਜਾਤੀ (ਐਸਸੀ) ਅਤੇ ਅਨੁਸੂਚਿਤ ਜਨਜਾਤੀ (ਐਸਟੀ) ਟੇਬਲਾਂ ਦੇ ਅੱਗੇ ਜੋੜਨ ਦੀ ਸੰਭਾਵਨਾ ਹੈ ਜੋਕਿ ਹੁਣ ਤੱਕ ਸਿਰਫ ਦੋ ਸ਼੍ਰੇਣੀਆਂ ਹਨ। ਰਾਸ਼ਟਰੀ ਜਨਸੰਖਿਆ ਰਜਿਸਟਰ ਨੂੰ ਅਪਡੇਟ ਕਰਨ ਬਾਰੇ ਕੋਈ ਐਲਾਨ ਨਹੀਂ ਕੀਤਾ ਗਿਆ ਸੀ ਜਿਸ ਵਿੱਚ ਪਹਿਲਾਂ ਹੀ ਲੱਗਭੱਗ 119 ਕਰੋੜ ਦੇਸ਼ ਵਾਸੀਆਂ ਦਾ ਡਾਟਾਬੇਸ ਹੈ। ਯੋਜਨਾਬੱਧ 2021 ਦੀ ਜਨਗਣਨਾ ਦੇ ਪਹਿਲੇ ਪੜਾਅ ਦੌਰਾਨ ਜਨਸੰਖਿਆ ਰਜਿਸਟਰ ਨੂੰ ਅਪਡੇਟ ਕੀਤਾ ਜਾਣਾ ਸੀ। ਨਾਗਰਿਕਾਂ ਨੂੰ 'ਸਵੈ-ਗਣਨਾ' ਕਰਨ ਦਾ ਮੌਕਾ ਵੀ ਮਿਲ ਸਕਦਾ ਹੈ ਕਿਉਂਕਿ ਭਾਰਤ ਦੇ ਰਜਿਸਟਰਾਰ ਜਨਰਲ ਦਫ਼ਤਰ ਜੋ ਜਨਗਣਨਾ ਕਰਦਾ ਹੈ ਨੇ ਯੋਜਨਾਬੱਧ 2021 ਦੀ ਜਨਗਣਨਾ ਲਈ ਅੰਗਰੇਜ਼ੀ ਵਿੱਚ ਇੱਕ ਸਵੈ-ਗਣਨਾ ਪੋਰਟਲ ਵਿਕਸਿਤ ਕੀਤਾ ਹੈ ਹਾਲਾਂਕਿ ਇਹ ਵਿਕਲਪ ਸਿਰਫ਼ ਉਨ੍ਹਾਂ ਪਰਿਵਾਰਾਂ ਲਈ ਉਪਲੱਬਧ ਹੋਵੇਗਾ ਜਿਨ੍ਹਾਂ ਨੇ ਰਾਸ਼ਟਰੀ ਜਨਸੰਖਿਆ ਰਜਿਸਟਰ ਨੂੰ ਔਨਲਾਈਨ ਅੱਪਡੇਟ ਕੀਤਾ ਹੈ। ਨਾਗਰਿਕਤਾ ਨਿਯਮ 2003 ਅਨੁਸਾਰ ਰਾਸ਼ਟਰੀ ਜਨਸੰਖਿਆ ਰਜਿਸਟਰ ਭਾਰਤੀ ਨਾਗਰਿਕਾਂ ਦੇ ਰਾਸ਼ਟਰੀ ਰਜਿਸਟਰ (ਐਨਆਰਆਈਸੀ/ਐਨਆਰਸੀ) ਦੇ ਸੰਗ੍ਰਹਿ ਵੱਲ ਪਹਿਲਾ ਕਦਮ ਹੈ। ਇਹਨਾਂ ਵੇਰਵਿਆਂ ਦੇ ਸੰਗ੍ਰਹਿ ਦਾ ਪਿਛਲੇ ਸਮੇਂ ਵਿੱਚ ਕਈ ਵਿਰੋਧੀ-ਸ਼ਾਸਿਤ ਰਾਜਾਂ ਦੁਆਰਾ ਵਿਰੋਧ ਕੀਤਾ ਗਿਆ ਹੈ। ਜਨਗਣਨਾ ਲੋਕ ਸਭਾ ਅਤੇ ਰਾਜ ਵਿਧਾਨ ਸਭਾ ਸੀਟਾਂ ਦੀ ਅਗਲੀ ਹੱਦਬੰਦੀ ਅਤੇ ਸੰਸਦ ਅਤੇ ਵਿਧਾਨ ਸਭਾਵਾਂ ਵਿੱਚ ਔਰਤਾਂ ਲਈ ਪ੍ਰਸਤਾਵਿਤ 33% ਰਾਖਵੇਂਕਰਨ ਨੂੰ ਪ੍ਰਭਾਵਤ ਕਰੇਗੀ। ਇੱਕ ਹੱਦਬੰਦੀ ਕਮਿਸ਼ਨ ਸਥਾਪਿਤ ਕਰਨਾ ਪਏਗਾ ਅਤੇ ਕਈ ਦੱਖਣੀ ਰਾਜਾਂ ਦੁਆਰਾ ਸਿਰਫ਼ ਆਬਾਦੀ ਗਿਣਤੀ ਦੇ ਅਧਾਰ ਤੇ ਹੱਦਬੰਦੀ ਅਭਿਆਸ ਦੇ ਵਿਰੋਧ ਨੂੰ ਦੇਖਦੇ ਹੋਏ ਵਿਸਥਾਰਿਤ ਵਿਚਾਰ-ਵਟਾਂਦਰੇ ਦੀ ਲੋੜ ਹੋਵੇਗੀ। ਸਾਲ 2001 ਦੇ 84ਵੇਂ ਸੰਵਿਧਾਨਕ ਸੋਧ ਐਕਟ ਅਨੁਸਾਰ 2026 ਤੋਂ ਬਾਅਦ ਪਹਿਲੀ ਜਨਗਣਨਾ ਦੇ ਆਬਾਦੀ ਡਾਟਾ ਦੇ ਅਧਾਰ ਤੇ ਹਲਕੇ ਦੀਆਂ ਸੀਮਾਵਾਂ ਦਾ ਪੁਨਰਗਠਨ ਕੀਤਾ ਜਾਣਾ ਹੈ। ਮੌਜੂਦਾ ਸੀਟਾਂ 1971 ਦੀ ਜਨਗਣਨਾ ਡਾਟਾ ਦੇ ਅਧਾਰ ਤੇ ਤਿਆਰ ਕੀਤੀਆਂ ਗਈਆਂ ਹਨ। ਮਹਿਲਾ ਰਾਖਵਾਂਕਰਨ ਕਾਨੂੰਨ ਅਨੁਸਾਰ ਲੋਕ ਸਭਾ ਅਤੇ ਰਾਜ ਵਿਧਾਨ ਸਭਾਵਾਂ ਵਿੱਚ ਔਰਤਾਂ ਲਈ ਸੀਟਾਂ ਦਾ ਇੱਕ ਤਿਹਾਈ ਰਾਖਵਾਂਕਰਨ ਉਦੋਂ ਲਾਗੂ ਹੋਵੇਗਾ ਜਦੋਂ ਐਕਟ ਸ਼ੁਰੂ ਹੋਣ ਤੋਂ ਬਾਅਦ ਦਰਜ ਕੀਤੀ ਗਈ ਪਹਿਲੀ ਜਨਗਣਨਾ ਨਾਲ ਸੰਬੰਧਿਤ ਅੰਕੜਿਆਂ ਦੇ ਅਧਾਰ ਤੇ ਹੱਦਬੰਦੀ ਦੀ ਪ੍ਰਕਿਰਿਆ ਕੀਤੀ ਜਾਵੇਗੀ। ਪਹਿਲੀ ਵਾਰ ਜਨਗਣਨਾ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਅਤੇ ਡਾਟਾ ਦੀ ਸ਼ੁੱਧਤਾ ਨੂੰ ਵਧਾਉਣ ਲਈ ਮੋਬਾਈਲ ਐਪਲੀਕੇਸ਼ਨਾਂ ਅਤੇ ਔਨਲਾਈਨ ਸਵੈ-ਗਣਨਾ ਵਰਗੇ ਡਿਜੀਟਲ ਸਾਧਨਾਂ ਦੀ ਵਰਤੋਂ ਹੋਵੇਗੀ। ਜਦੋਂ ਜਨਗਣਨਾ ਗਣਨਾਕਾਰਾਂ ਦੁਆਰਾ ਸੰਪਰਕ ਕੀਤਾ ਜਾਵੇਗਾ ਤਾਂ ਵਿਅਕਤੀਆਂ ਨੂੰ ਆਪਣੇ ਅਤੇ ਆਪਣੇ ਘਰ ਦੇ ਮੈਂਬਰਾਂ ਬਾਰੇ ਸੱਚੀ ਅਤੇ ਪੂਰੀ ਜਾਣਕਾਰੀ ਪ੍ਰਦਾਨ ਕਰਨੀ ਚਾਹੀਦੀ ਹੈ। ਜੇਕਰ ਉਪਲੱਬਧ ਹੋਵੇ ਤਾਂ ਨਾਗਰਿਕ ਸਵੈ-ਗਣਨਾ ਕਰਨ ਲਈ ਔਨਲਾਈਨ ਪੋਰਟਲਾਂ ਦੀ ਵਰਤੋਂ ਵੀ ਕਰ ਸਕਦੇ ਹਨ ਜਿਸ ਨਾਲ ਪ੍ਰਕਿਰਿਆ ਵਧੇਰੇ ਸੁਵਿਧਾਜਨਕ ਬਣ ਜਾਂਦੀ ਹੈ। ਜਨਗਣਨਾ ਦੀ ਸਫਲਤਾ ਲਈ ਜਨਤਾ ਦੀ ਸਰਗਰਮ ਅਤੇ ਸਹੀ ਭਾਗੀਦਾਰੀ ਬਹੁਤ ਜ਼ਰੂਰੀ ਹੈ। ਜਨਗਣਨਾ ਵਿੱਚ ਸਰਗਰਮੀ ਨਾਲ ਹਿੱਸਾ ਲੈਕੇ ਜਨਤਾ ਇੱਕ ਵਧੇਰੇ ਸੂਚਿਤ ਅਤੇ ਵਿਕਸਤ ਰਾਸ਼ਟਰ ਦੇ ਨਿਰਮਾਣ ਵਿੱਚ ਯੋਗਦਾਨ ਪਾ ਸਕਦੀ ਹੈ। ਇਸ ਜਨਗਣਨਾ ਨੂੰ ਸਫਲ ਬਣਾਉਣ ਲਈ ਸਰਕਾਰ ਵਲੋਂ ਦੇਸ਼ ਵਾਸੀਆਂ ਨੂੰ ਅਪੀਲ ਕੀਤੀ ਜਾ ਰਹੀ ਹੈ ਕਿ ਉਹ ਜਨਗਣਨਾ ਵਿੱਚ ਸਰਗਰਮੀ ਨਾਲ ਹਿੱਸਾ ਲੈਣ, ਗਿਣਤੀਕਾਰਾਂ ਨਾਲ ਸਹਿਯੋਗ ਕਰਨ ਅਤੇ ਉਨ੍ਹਾਂ ਨੂੰ ਲੋੜੀਂਦੀ ਸਹੀ ਅਤੇ ਮੁਕੰਮਲ ਜਾਣਕਾਰੀ ਪ੍ਰਦਾਨ ਕਰਨ।

# ਪੰਜਾਬ ਸਰਕਾਰ ਵਪਾਰੀਆਂ ਦੀਆਂ ਸਾਰੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ‘ਤੇ ਹੱਲ ਕਰਨ ਲਈ ਵਚਨਬੱਧ: ਅਨਿਲ ਠਾਕੁਰ

## ਵਪਾਰੀਆਂ ਦੀਆਂ ਸਮੱਸਿਆਵਾਂ ਨੂੰ ਸੁਣਦੇ ਹੋਏ ਜਲਦ ਹੱਲ ਦੇ ਯਤਨ ਦਾ ਦਿੱਤਾ ਭਰੋਸਾ

“Equality and justice”
Patiala 26 June
INTERNATIONAL PAPER, 94636 01616
hardipchumber57@gmail.com



ਹੁ ਸ਼ਿ ਆ ਰ ਪੁ ਰ (ਸਤਨਾਮ ਸਿੰਘ ਸਹੂੰਗੜਾ) ਪੰਜਾਬ ਵਪਾਰ ਕਮਿਸ਼ਨ, ਆਬਕਾਰੀ ਅਤੇ ਕਰ ਵਿਭਾਗ ਦੇ ਚੇਅਰਮੈਨ ਅਨਿਲ ਠਾਕੁਰ ਨੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਵੱਖ-ਵੱਖ ਵਪਾਰਕ ਸੰਗਠਨਾਂ ਅਤੇ ਵਪਾਰਕ ਐਸੋਸੀਏਸ਼ਨਾਂ ਦੇ ਨੁਮਾਇੰਦਿਆਂ ਨਾਲ ਇੱਕ ਮਹੱਤਵਪੂਰਨ ਮੀਟਿੰਗ ਕੀਤੀ। ਮੀਟਿੰਗ ਦੀ ਸ਼ੁਰੂਆਤ ਵਿੱਚ ਸਹਾਇਕ ਟੈਕਸ ਕਮਿਸ਼ਨਰ ਪਰਮਜੀਤ ਸਿੰਘ ਅਤੇ ਵਪਾਰ ਮੰਡਲ ਹੁਸ਼ਿਆਰਪੁਰ ਦੇ ਪ੍ਰਧਾਨ ਗੋਪੀ ਚੰਦ ਕਪੂਰ ਨੇ ਚੇਅਰਮੈਨ ਦਾ ਸਵਾਗਤ ਕੀਤਾ। ਮੀਟਿੰਗ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਅਨਿਲ ਠਾਕੁਰ ਨੇ ਕਿਹਾ ਕਿ ਵਪਾਰੀਆਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਅਨੁਸਾਰ, ਉਨ੍ਹਾਂ ਨੇ ਸਾਲ 2017-18 ਦੀ ਪਹਿਲੀ ਤਿਮਾਹੀ ਦੇ ਬਕਾਇਆ ਟੈਕਸ ਬਕਾਏ ਦੇ ਮਾਮਲਿਆਂ ਦੇ ਹੱਲ ਲਈ ਓਟੀਐਸ (ਵਨ ਟਾਈਮ ਸੈਟਲਮੈਂਟ) ਸਕੀਮ ਲਾਗੂ ਕਰਨ ਲਈ ਵਿੱਤ ਮੰਤਰੀ, ਪੰਜਾਬ ਨੂੰ ਸਿਫਾਰਸ਼ ਭੇਜੀ ਹੈ ਅਤੇ ਇਹ ਸਕੀਮ ਜਲਦੀ ਹੀ ਲਾਗੂ ਕਰ ਦਿੱਤੀ ਜਾਵੇਗੀ। ਚੇਅਰਮੈਨ ਵੱਲੋਂ ਵਪਾਰੀਆਂ ਅਤੇ ਉਦਯੋਗਿਕ ਇਕਾਈਆਂ ਦੇ ਨੁਮਾਇੰਦਿਆਂ ਦੀਆਂ ਸਮੱਸਿਆਵਾਂ ਨੂੰ ਧਿਆਨ ਨਾਲ ਸੁਣਿਆ ਗਿਆ, ਜਿਨ੍ਹਾਂ ਵਿੱਚੋਂ ਬਹੁਤ ਸਾਰੀਆਂ ਸਮੱਸਿਆਵਾਂ ਨੂੰ ਵਿਭਾਗੀ ਅਧਿਕਾਰੀਆਂ ਦੀ ਮਦਦ ਨਾਲ ਮੌਕੇ ‘ਤੇ ਹੀ ਹੱਲ ਕਰ ਦਿੱਤਾ ਗਿਆ। ਬਾਕੀ ਰਹਿੰਦੇ ਗੁੰਝਲਦਾਰ ਮੁੱਦਿਆਂ ਨੂੰ ਜੀਐਸਟੀ ਕੌਂਸਲ ਰਾਹੀਂ ਹੱਲ ਕਰਨ ਦਾ ਭਰੋਸਾ ਵੀ ਦਿੱਤਾ ਗਿਆ। ਸ੍ਰੀ ਠਾਕੁਰ ਨੇ ਸਾਰੇ ਵਪਾਰੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ-ਆਪਣੇ ਖੇਤਰਾਂ ਵਿੱਚ ਟੈਕਸ ਅਦਾ ਕਰਨ ਵਿੱਚ ਸਹਿਯੋਗ ਕਰਨ ਤਾਂ ਜੋ ਸੂਬੇ ਦੇ ਮਾਲੀਏ ਵਿੱਚ ਵਾਧਾ ਕੀਤਾ ਜਾ ਸਕੇ। ਉਨ੍ਹਾਂ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਵਪਾਰੀਆਂ ਦੀਆਂ ਸਾਰੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ‘ਤੇ ਹੱਲ ਕਰਨ ਲਈ ਵਚਨਬੱਧ ਹੈ।

# ਸਫ਼ਾਈ ਕਰਮਚਾਰੀ ਕਮਿਸ਼ਨ ਸਫ਼ਾਈ ਕਰਮਚਾਰੀਆਂ ਦੀ ਭਲਾਈ ਲਈ ਵਚਨਬੱਧ - ਚੰਦਨ ਗਰੇਵਾਲ

“Equality and justice”
Patiala 26 June
INTERNATIONAL PAPER, 94636 01616
hardipchumber57@gmail.com



ਹੁ ਸ਼ਿ ਆ ਰ ਪੁ ਰ (ਸਤਨਾਮ ਸਿੰਘ ਸਹੂੰਗੜਾ) ਪੰਜਾਬ ਰਾਜ ਸਫ਼ਾਈ ਕਰਮਚਾਰੀ ਕਮਿਸ਼ਨ ਦੇ ਚੇਅਰਮੈਨ ਚੰਦਨ ਗਰੇਵਾਲ ਨੇ ਕਿਹਾ ਕਿ ਸਫ਼ਾਈ ਕਰਮਚਾਰੀ ਸਮਾਜ ਦੀ ਰੀੜ੍ਹ ਦੀ ਹੱਡੀ ਹਨ ਅਤੇ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਹੈ ਕਿ ਉਨ੍ਹਾਂ ਨੂੰ ਸਨਮਾਨਜਨਕ ਜੀਵਨ ਅਤੇ ਜ਼ਰੂਰੀ ਸਹੂਲਤਾਂ ਪ੍ਰਦਾਨ ਕੀਤੀਆਂ ਜਾਣ। ਉਹ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਹੁਸ਼ਿਆਰਪੁਰ ਵਿਖੇ ਨਗਰ ਨਿਗਮ ਅਧਿਕਾਰੀਆਂ ਅਤੇ ਸਫ਼ਾਈ ਕਰਮਚਾਰੀ ਯੂਨੀਅਨ ਦੇ ਨੁਮਾਇੰਦਿਆਂ ਨਾਲ ਇਕ ਮਹੱਤਵਪੂਰਨ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਇਸ ਮੌਕੇ ਨਗਰ ਨਿਗਮ ਕਮਿਸ਼ਨਰ ਡਾ. ਅਮਨਦੀਪ ਕੌਰ ਸਮੇਤ ਨਗਰ ਨਿਗਮ ਅਤੇ ਨਗਰ ਕੌਂਸਲਾਂ ਦੇ ਅਧਿਕਾਰੀ ਅਤੇ ਯੂਨੀਅਨ ਦੇ ਨੁਮਾਇੰਦੇ ਵੀ ਮੌਜੂਦ ਸਨ। ਚੇਅਰਮੈਨ ਚੰਦਨ ਗਰੇਵਾਲ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦੀ ਮੀਟਿੰਗ ਦਾ ਉਦੇਸ਼ ਸਫ਼ਾਈ ਕਰਮਚਾਰੀਆਂ ਦੀਆਂ ਸਮੱਸਿਆਵਾਂ ਨੂੰ ਸਿੱਧੇ ਤੌਰ ‘ਤੇ ਸੁਣਨਾ, ਉਨ੍ਹਾਂ ਦਾ ਹੱਲ ਕਰਨਾ ਅਤੇ ਉਨ੍ਹਾਂ ਦੀ ਭਲਾਈ ਨਾਲ ਜੁੜੀਆਂ ਯੋਜਨਾਵਾਂ ਦੀ ਸਮੀਖਿਆ ਕਰਨਾ ਹੈ। ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਚੇਅਰਮੈਨ ਗਰੇਵਾਲ ਨੇ ਕਿਹਾ ਕਿ ਬਹੁਤ ਸਾਰੀਆਂ ਸਮੱਸਿਆਵਾਂ ਦਾ ਮੌਕੇ ‘ਤੇ ਹੀ ਹੱਲ ਕਰ ਦਿੱਤਾ ਗਿਆ। ਇਸ ਦੇ ਨਾਲ ਹੀ, ਕੁਝ ਮੰਗਾਂ ਹਨ ਜੋ ਸੂਬਾ ਪੱਧਰ ‘ਤੇ ਹਨ, ਜਿਨ੍ਹਾਂ ਨੂੰ ਪੰਜਾਬ ਦੇ ਮੁੱਖ ਮੰਤਰੀ ਦੇ ਸਾਹਮਣੇ ਪੇਸ਼ ਕੀਤਾ ਜਾਵੇਗਾ, ਤਾਂ ਜੋ ਉਨ੍ਹਾਂ ਦਾ ਵੀ ਜਲਦੀ ਹੱਲ ਕੀਤਾ ਜਾ ਸਕੇ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਫ਼ਾਈ ਕਰਮਚਾਰੀਆਂ ਨੂੰ ਉਨ੍ਹਾਂ ਦੀ ਤਨਖਾਹ ਸਮੇਂ ਸਿਰ ਦਿੱਤੀ ਜਾਵੇ, ਸੁਰੱਖਿਆ ਉਪਕਰਣ ਅਤੇ ਲੋੜੀਂਦੀ ਸਿਖਲਾਈ ਪ੍ਰਦਾਨ ਕੀਤੀ ਜਾਵੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਕੋਈ ਵੀ ਕਰਮਚਾਰੀ ਅਣਗੌਲਿਆ ਮਹਿਸੂਸ ਨਾ ਕਰੇ। ਚੰਦਨ ਗਰੇਵਾਲ ਨੇ ਕਿਹਾ ਕਿ ਸਮਾਜ ਵਿਚ ਸਫਾਈ ਕਰਮਚਾਰੀਆਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ ਅਤੇ ਉਨ੍ਹਾਂ ਦੇ ਯੋਗਦਾਨ ਨੂੰ ਸਿਰਫ਼ ਸ਼ਬਦਾਂ ਵਿਚ ਹੀ ਨਹੀਂ, ਸਗੋਂ ਠੋਸ ਕਾਰਵਾਈਆਂ ਰਾਹੀਂ ਮਾਨਤਾ ਦਿੱਤੀ ਜਾਣੀ ਚਾਹੀਦੀ ਹੈ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਸਰਕਾਰ, ਕਰਮਚਾਰੀਆਂ ਦੀ ਭਲਾਈ ਪ੍ਰਤੀ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਕਮਿਸ਼ਨ ਇਸ ਦਿਸ਼ਾ ਵਿਚ ਸਰਗਰਮੀ ਨਾਲ ਕੰਮ ਕਰ ਰਿਹਾ ਹੈ। ਮੀਟਿੰਗ ਦੇ ਅੰਤ ਵਿਚ, ਉਨ੍ਹਾਂ ਨੇ ਮੌਜੂਦ ਸਫ਼ਾਈ ਕਰਮਚਾਰੀਆਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਸਾਰੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ‘ਤੇ ਹੱਲ ਕੀਤਾ ਜਾਵੇਗਾ।

# ਸਾਈਕਲ ਚਲਾਉਣ ਨਾਲ ਸਿਹਤ ਅਤੇ ਵਾਤਾਵਰਨ ਦੋਨੋਂ ਠੀਕ ਹੁੰਦੇ

“Equality and justice”
Patiala 26 June
INTERNATIONAL PAPER, 94636 01616
hardipchumber57@gmail.com

ਸਤਨਾਮ ਲੁਧਿਆਣਾ/ ਹਰਦੇਵ ਬੋਪਾਰਾਏ ਲੁਧਿਆਣਾ ( ਵਤਨਪ੍ਰੀਤ )ਦਿਨੋ ਦਿਨ ਵੱਧ ਰਹੀ ਮਸ਼ੀਨੀ ਯੁੱਗ ਨਾਲ ਵਾਤਾਵਰਨ ਖਰਾਬ ਹੋ ਰਿਹਾ ਹੈ ਇਸ ਇਸ ਨੂੰ ਜੜ ਤੋਂ ਖਤਮ ਕਰਨ ਲਈ ਲੁਧਿਆਣੇ ਦੇ ਸਤਨਾਮ ਸਿੰਘ ਨੇ ਇੱਕ ਉਪਰਾਲਾ ਕੀਤਾ ਉਸ ਨੇ ਮੋਟਰਸਾਈਕਲ ਦੀ ਬਜਾਏ ਸਾਈਕਲ ਚਲਾਉਣ ਅਤੇ ਘਰ ਵਿੱਚ ਏਸੀ ਨਾ ਲਵਾਉਣ ਦਾ ਮਨ ਬਣਾਇਆ ਹੈ ਉਹ ਹਰ ਰੋਜ਼ ਆਪਣੇ ਕੰਮ ਤੇ ਸਾਇਕਲ ਦੀ ਵਰਤੋਂ ਕਰਦਾ ਹੈ ਅਤੇ ਆਮ ਜਨਤਾ ਨੂੰ ਅਪੀਲ ਵੀ ਕਰਦਾ ਹੈ ਕਿ ਸਾਈਕਲ ਦੀ ਵਰਤੋਂ ਕਰਕੇ ਵਾਤਾਵਰਨ ਨੂੰ ਸਾਫ ਸੁਥਰਾ ਰੱਖਿਆ ਜਾ ਸਕਦਾ ਹੈ ਸ ਸਤਿਨਾਮ ਸਿੰਘ ਲੁਧਿਆਣਾ ਨੂੰ ਵਧਾਈ ਦਿੰਦੇ ਹੋਏ ਹਰਦੇਵ ਸਿੰਘ ਬੋਪਾਰਾਏ ਕੌਮੀ ਪ੍ਰਧਾਨ ਭਾਈ ਘਨਈਆ ਜਲ ਬਚਾਉ ਜਲ ਪੂਰਤੀ ਸੰਗਠਨ ਲੇ ਕਿਹਾ ਕੀ ਸਾਨੂੰ ਸਤਨਾਮ ਸਿੰਘ ਲੁਧਿਆਣਾ ਤੋਂ ਸੇਧ ਲੈਣੀ ਚਾਹੀਦੀ ਹੈ ਅਤੇ ਰੋਜ਼ ਮਰਾ ਦੇ ਕੰਮ ਸਾਈਕਲ ਤੇ ਕਰਨੇ ਚਾਹੀਦੇ ਹਨ ਤਾਂ



ਕਿ ਵਾਤਾਵਰਨ ਜੋ ਮਸ਼ੀਨੀ ਯੁਗ ਨਾਲ ਖਰਾਬ ਹੋ ਰਿਹਾ ਹੈ ਉਹ ਠੀਕ ਹੋ ਸਕੇ

# ਆਦਰਸ਼ ਸਕੂਲ ਮੁਲਾਜ਼ਮ ਯੂਨੀਅਨ ਨੇ ਸ੍ਰੀ ਮਨੀਸ਼ ਸਿਸੋਦੀਆ ਨੂੰ ਮੰਗ ਪੱਤਰ ਸੌਂਪਿਆ

“Equality and justice”
Patiala 26 June
INTERNATIONAL PAPER, 94636 01616
hardipchumber57@gmail.com



ਜ਼ੀਰਾ 26 ਜੂਨ ( ਅੰਗਰੇਜ਼ ਬਰਾੜ ) - ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਆਦਰਸ਼ ਸਕੂਲ ਟੀਚਿੰਗ ਨਾਨ ਟੀਚਿੰਗ ਮੁਲਾਜ਼ਮ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗਲੋਟੀ ਨੇ ਦੱਸਿਆ ਕਿ ਅੱਜ ਮਿਤੀ 26 ਜੂਨ ਨੂੰ ਆਮ ਆਦਮੀ ਪਾਰਟੀ ਦੇ ਇੰਚਾਰਜ ਸ੍ਰੀ ਮਨੇਸ਼ ਸਸੋਧੀਆ ਜਿਮ ਦਾ ਉਦਘਾਟਨ ਕਰਨ ਲਈ ਪਿੰਡ ਦਾਰਾਪੁਰ ਵਿਖੇ ਪਹੁੰਚੇ ਸਨ! ਜਿਸ ਦੇ ਚਲਦਿਆਂ ਜਥੇਬੰਦੀ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗਲੋਟੀ ਵੱਲੋਂ ਮੋਗਾ ਪ੍ਰਸ਼ਾਸਨ ਨਾਲ ਤਾਲਮੇਲ ਕੀਤਾ ਗਿਆ ਅਤੇ ਏ ਡੀ ਸੀ ਮੋਗਾ ਮੈਡਮ ਚਾਰੂਮਿਤਾ ਨਾਲ ਮੀਟਿੰਗ ਕੀਤੀ ਗਈ! ਸਨੀ ਸਿੰਘ ਧਾਲੀਵਾਲ ਪੀ ਏ ਐਮ ਐਲ ਏ ਮੋਗਾ ਮੈਡਮ ਅਮਨਦੀਪ ਕੌਰ ਅਰੋੜਾ ਨਾਲ ਸੰਪਰਕ ਕਰਕੇ ਸ੍ਰੀ ਮਨੀਸ਼ ਸਸੋਦੀਆ ਨੂੰ ਆਦਰਸ਼ ਸਕੂਲ ਟੀਚਿੰਗ ਨਾਨ ਟੀਚਿੰਗ ਮੁਲਾਜ਼ਮ ਯੂਨੀਅਨ ਪੰਜਾਬ ਦੀਆਂ ਹੱਕੀ ਤੇ ਜਾਇਜ਼ ਮੰਗਾਂ ਦਾ ਮੰਗ ਪੱਤਰ ਸੌਂਪਿਆ ਗਿਆ! ਚੱਲ ਰਹੇ ਭਾਸ਼ਣ ਦੌਰਾਨ ਪਤਾ ਲੱਗਾ ਕਿ ਪੰਜਾਬ ਵਿੱਚ ਚੱਲ ਰਹੀ ਸਿੱਖਿਆ ਕ੍ਰਾਂਤੀ ਦੇ ਮੁੱਖ ਮੋਢੀ ਸ੍ਰੀ ਮਨੀਸ਼ ਸਸੋਦੀਆ ਹਨ !ਗੱਲਬਾਤ ਦੌਰਾਨ ਸੂਬਾ ਪ੍ਰਧਾਨ ਗਲੋਟੀ ਨੇ ਦੱਸਿਆ ਕਿ ਇਹ ਆਦਰਸ਼ ਸਕੂਲ ਦਿੱਲੀ ਮਾਡਲ ਸਕੂਲ ਹਨ ਜੋ ਕਿ ਸੀ ਬੀ ਐਸ ਈ ਪੈਟਰਨ ਹਨ ਅਤੇ ਇਹਨਾਂ ਸਕੂਲਾਂ ਵਿੱਚ ਪੰਜਾਬ ਦੇ ਮਜ਼ਦੂਰਾਂ ਤੇ ਕਿਸਾਨਾਂ ਦੇ ਹਜ਼ਾਰਾਂ ਬੱਚੇ ਸਿੱਖਿਆ ਲੈ ਰਹੇ ਹਨ ਪਰ ਅਫਸੋਸ ਨਾਲ ਕਹਿਣਾ ਪੈ ਰਿਹਾ ਕਿ ਇਹਨਾਂ ਸਕੂਲਾਂ ਵਿੱਚ ਅਧਿਆਪਕਾਂ ਦਾ ਬਹੁਤ ਸ਼ੋਸ਼ਣ ਕੀਤਾ ਜਾ ਰਿਹਾ ਨਿਗੁਣੀਆਂ ਤਨਖਾਹਾਂ ਤੇ ਕੰਮ ਲਿਆ ਜਾਂਦਾ ਹੈ ਅਤੇ ਕੋਈ ਨੌਕਰੀ ਸੁਰੱਖਿਆ ਨਹੀਂ, ਕੋਈ ਮੈਡੀਕਲ ਨਹੀਂ, ਕੋਈ ਡੀ ਏ ਟੀ ਏ ਨਹੀਂ ਦਿੱਤਾ ਜਾਂਦਾ! ਮਨੀਸ਼ ਸੁਸ਼ੋਦੀਆ ਵੱਲੋਂ ਜਥੇਬੰਦੀ ਨੂੰ ਭਰੋਸਾ ਦਵਾਇਆ ਕਿ ਮੁੱਖ ਮੰਤਰੀ ਪੰਜਾਬ ਨਾਲ ਗੱਲਬਾਤ ਕਰਕੇ ਜਲਦੀ ਆਦਰਸ਼ ਸਕੂਲਾਂ ਦੇ ਮਸਲੇ ਹੱਲ ਕੀਤੇ ਜਾਣਗੇ ਅਤੇ ਉਹਨਾਂ ਨੂੰ ਗ੍ਰੇਡ ਪੇ ਅਨੁਸਾਰ ਤਨਖਾਹ ਦਿੱਤੀ ਜਾਵੇਗੀ। ਇਸ ਮੌਕੇ ਜਸਵੀਰ ਸਿੰਘ ਗਲੋਟੀ, ਸੁਖਦੀਪ ਕੌਰ ਸਰਾਂ, ਮੈਡਮ ਮੀਨੂੰ ਬਾਲਾ, ਸਲੀਮ ਮੁਹੰਮਦ, ਹਰਪ੍ਰੀਤ ਕੌਰ ਵਾੜਾ ਭਾਈ ਕਾ, ਕਰਮਜੀਤ ਕੌਰ ਬਰਾੜ, ਸੁਖਚੈਨ ਸਿੰਘ ਹਰਦਾਸਾ, ਗੁਰਚਰਨ ਸਿੰਘ ਕੰਗ ਹਾਜਰ ਸਨ!

# ਅਗਰ ਤੁਹਾਡੇ ਚ ਦਮ ਹੈ ਤਾਂ ਬਾਹਰਲੇ ਮੁਲਕਾਂ ਵਿੱਚ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਬੁੱਤਾਂ ਨੂੰ ਨੁਕਸਾਨ ਪਹੁੰਚਾ ਕੇ ਦਿਖਾਓ

“Equality and justice”
Patiala 26 June
INTERNATIONAL PAPER, 94636 01616
hardipchumber57@gmail.com

ਬੰਗਾ (ਚਰਨਜੀਤ ਸੱਲ੍ਹਾਂ )ਅਗਰ ਤੁਹਾਡੇ ਚ ਦਮ ਆ ਤਾਂ ਕੈਨੇਡਾ ,ਅਮਰੀਕਾ,ਜਾਪਾਨ ,ਇੰਗਲੈਂਡ , ਚੀਨ, ਥਾਈਲੈਂਡ, ਕੈਲੇਫੋਰਨੀਆਂ, ਤੇ ਹੋਰ ਕਈ ਦੇਸ਼ਾਂ ਚ ਬਾਬਾ ਸਾਹਿਬ ਜੀ ਦੇ ਸਟੈਚੂ ਲਗੇ ਨੇ ਉਥੇ ਹੱਥ ਤੋੜ ਕੇ ਦਿਖਾਉ ਅਮਰੀਕਾ ਦੇ ਸਾਬਕਾ




ਰਾਸ਼ਟਰਪਤੀ ਓਬਾਮਾ ਨੇ ਕਿਹਾ ਸੀ ਅਗਰ ਅੰਬੇਡਕਰ ਜੀ ਸਾਡੇ ਮੁਲਕ ਜਮੇ ਹੁੰਦੇ ਤਾਂ ਸੂਰਜ ਕਹਿੰਦੇ ਉਸ ਨੂੰ ਗੋਰੇ ਲੋਕ ਬਾਬਾ ਸਾਹਿਬ ਜੀ ਨੂੰ ਪਲਕਾ ਤੇ ਬਿਠਾ ਕੇ ਰੱਖਦੇ ਨੇ ਤੇ ਸਾਡੇ ਭਾਰਤ ਕੁਝ ਲੋਕ ਜਿਹਨਾ ਦੇ ਦਿਮਾਗ ਜ਼ਹਿਰ ਜਾਤੀਵਾਦ ਭਰਿਆ ਹੋਇਆ ਉਹ ਅੱਜ ਵੀ ਬਾਬਾ ਸਾਹਿਬ ਜੀ ਤੇ ਨਫ਼ਰਤ ਕਰਦੇ ਨੇ ਸਾਡੇ ਰਹਿਬਰਾਂ ਦਾ ਅਪਮਾਨ ਕਰਦੇ ਨੇ ਜਾਤੀਵਾਦ ਲੋਕ ਇਹ ਉਹ ਪੈਂਡਾ ਸਾਡੇ ਰਹਿਬਰਾਂ ਦਾ ਜਿਹੜਾ ਕਦੇ ਨਹੀਂ ਮੁਕਣਾ ਲੱਖ ਯਤਨ ਕਰਲੋ ਦਿਲਾ ਚੋ ਅੰਬੇਡਕਰ ਜੀ ਨਹੀਓਂ ਮੁੱਕਣਾ ਬਾਬਾ ਸਾਹਿਬ ਜੀ ਨਹੀਓ ਮੁੱਕਣਾ ਜੈ ਭੀਮ ਜੀ ਜੈ ਭਾਰਤ ਜੀ ਮੀਕਾ ਗੰਗ

# ਸੰਗਰੂਰ ਵਿੱਚ ਬਾਕਸਿੰਗ ਕੋਚ ਦੀ ਨਿਯੁਕਤੀ ਦਾ ਸਵਾਗਤ

“Equality and justice”
Patiala 26 June
INTERNATIONAL PAPER, 94636 01616
hardipchumber57@gmail.com



ਸੰਗਰੂਰ, 26 ਜੂਨ (ਜਗਸੀਰ ਲੌਂਗੋਵਾਲ)-

ਸੰਗਰੂਰ ਵਿਖੇ ਹੋਏ ਨਵੇਂ ਕੋਚਾਂ ਦੀ ਨਿਯੁਕਤੀ ਦਾ ਸਵਾਗਤ ਕਰਦਿਆਂ ਜ਼ਿਲਾ ਬਾਕਸਿੰਗ ਐਸੋਸੀਏਸ਼ਨ ਸੰਗਰੂਰ ਵੱਲੋਂ ਬਾਕਸਿੰਗ ਕੋਚ ਸੁਨੀਲ ਕੁਮਾਰ ਦਾ ਬਾਕਸਿੰਗ ਗਰਾਊਡ ਪਹੁੰਚਣ ਤੇ ਸਵਾਗਤ ਕੀਤਾ। ਇਸ ਬਾਰੇ ਜਾਣਕਾਰੀ ਦਿੰਦਿਆਂ ਜ਼ਿਲਾ ਬਾਕਸਿੰਗ ਐਸੋਸੀਏਸ਼ਨ ਦੇ ਜਨਰਲ ਸਕੱਤਰ ਰਵੀ ਚਰਨ ਸਿੰਘ ਦਿਉਲ ਨੇ ਦੱਸਿਆ ਕਿ ਇਸ ਗਰਾਉਂਡ ਨੇ ਬਹੁਤ ਹੀ ਚੋਟੀ ਦੇ ਬਾਕਸਰਾਂ ਨੂੰ ਤਿਆਰ ਕੀਤਾ ਹੈ ਤੇ ਜੋ ਅੱਜ ਆਪਣੇ ਪੈਰਾਂ ਤੇ ਖੜੇ ਹਨ ਅਤੇ ਵੱਖ ਵੱਖ ਵਿਭਾਗਾਂ ਵਿਚ ਨੌਕਰੀਆਂ ਕਰ ਰਹੇ ਹਨ। ਪੰਜਾਬ ਵਿਚ ਬਾਕਸਿੰਗ ’ਚ ਪਹਿਲੇ ਨੰਬਰ ਤੇ ਰਿਹਾ ਜ਼ਿਲਾ ਸੰਗਰੂਰ ਨੂੰ ਬਾਕਸਿੰਗ ਕੋਚ ਦੀ ਬਹੁਤ ਜ਼ਰੂਰਤ ਸੀ ਜੋ ਕਿ ਅੱਜ ਪੂਰੀ ਹੋ ਗਈ ਹੈ। ਇਸ ਲਈ ਅਸੀਂ ਪੰਜਾਬ ਸਰਕਾਰ ਦਾ ਧੰਨਵਾਦ ਕਰਦੇ ਹਾਂ।

ਉਨਾਂ ਕਿਹਾ ਕਿ ਬਾਕਸਿੰਗ ਕੋਚ ਦੀ ਨਿਯੁਕਤੀ ਨਾਲ ਇਸ ਖੇਡ ਵਿਚ ਹੋਰ ਵੀ ਜ਼ਿਆਦਾ ਨਿਖਾਰ ਹੋਵੇਗਾ। ਉਨਾਂ ਕਿਹਾ ਕਿ ਲੋਕਾਂ ਨੂੰ ਚਾਹੀਦਾ ਹੈ ਕਿ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਬਾਕਸਿੰਗ ਗੇਮ ਨਾਲ ਜੋੜਨ। ਇਸ ਮੌਕੇ ਆਕਰਮਨ ਸਿੰਘ ਸੰਮੀ ,ਚੇਅਰਮੈਨ ਰਵਿੰਦਰ ਸਿੰਘ ਰਿਟਾਇਰ ਡੀ ਐਸ ਓ ,ਜੋਗਿੰਦਰ ਸਿੰਘ ਇੰਸਪੈਕਟਰ, ਸੈਕਟਰੀ ਰਵੀ ਦਿਓਲ , ਬੋਲਟ ਬਾਕਸਰ, ਸਨੀ ਕੋਚ ਧੂਰੀ, ਬਾਸਕਿਟਬਾਲ ਕੋਚ, ਬੈਡਮਿੰਟਨ ਕੋਚ ,ਗਗਨਜੀਤ ਸੋਨੂੰ, ਗੋਰਾ ਅਸਟਰੇਲੀਆ ,ਬੁੱਗਾ ਮੈਂਬਰ, ਨਵਦੀਪ ਸਿੰਘ ,ਅਰੁਣ ਕੁਮਾਰ, ਗੋਗਾ ਬਾਕਸਰ, ਰਾਜੇਸ਼ ਕੁਮਾਰ, ਵਾਲੀਵਾਲ ਕੋਚ, ਜਿਮਨਾਸਟਿਕ ਕੋਚ, ਕੀਪਾ ਬਾਕਸਰ, ਜ਼ਿਲ੍ਹਾ ਖੇਡ ਅਫਸਰ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਅਧਿਆਪਕਾਂ ਦੀਆਂ ਬੀ.ਐੱਲ.ਓ. ਡਿਊਟੀਆਂ ਨਾ ਲਗਾਉਣ ਸਬੰਧੀ ਡਿਪਟੀ ਕਮਿਸ਼ਨਰ ਨੂੰ ਸੌਂਪਿਆ ਮੰਗ ਪੱਤਰ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 26 ਜੂਨ INTERNATIONAL PAPER, 94636 01616 hardipchumber57@gmail.com



ਸੰਗਰੂਰ,26 ਜੂਨ (ਜਗਸੀਰ ਲੌਂਗੋਵਾਲ) - ਜ਼ਿਲ੍ਹੇ ਦੇ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰਾਂ ਵੱਲੋਂ ਵੱਡੀ ਗਿਣਤੀ ਵਿੱਚ ਅਧਿਆਪਕਾਂ ਦੀਆਂ ਬੀ.ਐੱਲ.ਓ. ਡਿਊਟੀਆਂ ਲਾਉਣ ਦੇ ਵਿਰੋਧ ਵਿੱਚ ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਦੀ ਸੰਗਰੂਰ ਇਕਾਈ ਦਾ ਵਫ਼ਦ ਅੱਜ ਡਿਪਟੀ ਕਮਿਸ਼ਨਰ ਸੰਗਰੂਰ ਕਮ ਜ਼ਿਲ੍ਹਾ ਚੋਣ ਅਫ਼ਸਰ ਸ੍ਰੀ ਸੰਦੀਪ ਰਿਸ਼ੀ ਨੂੰ ਮਿਲਿਆ। ਜਾਣਕਾਰੀ ਦਿੰਦਿਆਂ ਪ੍ਰਧਾਨ ਦਾਤਾ ਸਿੰਘ ਨਮੋਲ ਨੇ ਕਿਹਾ ਕਿ ਵਫ਼ਦ ਨੇ ਮੰਗ ਪੱਤਰ ਅਤੇ ਗੱਲਬਾਤ ਰਾਹੀਂ ਸਾਰੇ ਵਿਭਾਗਾਂ ਦੇ ਮੁਲਾਜ਼ਮਾਂ ਦੀਆਂ ਬੀ.ਐੱਲ.ਓ. ਡਿਊਟੀਆਂ ਬਰਾਬਰ ਅਨੁਪਾਤ ਵਿੱਚ ਲਾਉਣ, ਸਕੱਤਰ ਸਕੂਲ ਸਿੱਖਿਆ ਦੇ ਪੱਤਰ ਅਨੁਸਾਰ ਸਿੱਖਿਆ ਵਿਭਾਗ ਵਿੱਚੋਂ ਅਧਿਆਪਕਾਂ ਦੀ ਬਜਾਏ ਨਾਨ ਟੀਚਿੰਗ ਸਟਾਫ਼ ਦੀ ਇਹ ਡਿਊਟੀ ਲਾਉਣ, ਮੁੱਖ ਵਿਸ਼ਿਆਂ ਸਾਇੰਸ, ਗਣਿਤ, ਅੰਗਰੇਜ਼ੀ, ਸਮਾਜਿਕ ਸਿੱਖਿਆ, ਪੰਜਾਬੀ ਅਤੇ ਹਿੰਦੀ ਦੇ ਅਧਿਆਪਕਾਂ ਦੀ ਇਹ ਡਿਊਟੀ ਬਿਲਕੁਲ ਨਾ ਲਾਉਣ ਅਤੇ ਇਸਤਰੀ ਅਧਿਆਪਕਾਂ ਦੀ ਡਿਊਟੀ ਨਾ ਲਾਉਣ ਦੀ ਮੰਗ ਕੀਤੀ। ਵਫ਼ਦ ਵੱਲੋਂ ਮਾਣਯੋਗ ਸਿੱਖਿਆ ਮੰਤਰੀ ਪੰਜਾਬ ਦੇ ਮਾਰਚ 2023 ਦੇ ਪੱਤਰ ਦਾ ਹਵਾਲਾ ਵੀ ਦਿੱਤਾ ਗਿਆ ਜਿਸ ਵਿੱਚ ਉਹਨਾਂ ਨੇ ਅਧਿਕਾਰੀਆਂ ਨੂੰ ਅਧਿਆਪਕਾਂ ਤੋਂ ਬੱਚਿਆਂ ਨੂੰ ਪੜ੍ਹਾਉਣ ਤੋਂ ਇਲਾਵਾ ਕੋਈ ਵੀ ਗ਼ੈਰ-ਵਿੱਦਿਅਕ ਕੰਮ ਨਾ ਲੈਣ ਦੀ ਹਿਦਾਇਤ ਕੀਤੀ ਸੀ। ਡੀਸੀ ਵੱਲੋਂ ਵਫ਼ਦ ਨੂੰ ਮੰਗਾਂ ਮੰਨਣ ਅਤੇ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰਾਂ ਨੂੰ ਲੋੜੀਂਦੀਆਂ ਹਿਦਾਇਤਾਂ ਜਾਰੀ ਕਰਨ ਦਾ ਭਰੋਸਾ ਦਿੱਤਾ ਗਿਆ। ਵਫ਼ਦ ਵਿੱਚ ਉਕਤ ਤੋਂ ਇਲਾਵਾ ਵਿੱਤ ਸਕੱਤਰ ਯਾਦਵਿੰਦਰ ਪਾਲ,ਪ੍ਰੈੱਸ ਸਕੱਤਰ ਜਸਬੀਰ ਨਮੋਲ ਅਤੇ ਬਲਾਕਾਂ ਦੇ ਆਗੂ ਗਗਨਦੀਪ ਧੂਰੀ, ਸੁਖਪਾਲ ਧੂਰੀ, ਜਗਦੀਪ ਸਿੰਘ, ਗੁਰਪ੍ਰੀਤ ਸਿੰਘ ਅਤੇ ਅਸ਼ੋਕ ਦੀਣ ਸ਼ਾਮਿਲ ਸਨ।

# ਲੁਧਿਆਣਾ ਦੀ ਜਿੱਤ ਨੇ 2027 ਦੀਆਂ ਚੋਣਾਂ ਦੀ ਜਿੱਤ ਦਾ ਮੁੱਢ ਬੰਨਿਆ : ਭੁਪਿੰਦਰ ਕੌਰ ਸੰਧੂ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 26 ਜੂਨ INTERNATIONAL PAPER, 94636 01616 hardipchumber57@gmail.com

ਜ਼ੀਰਾ 26 ਜੂਨ ( ਅੰਗਰੇਜ਼ ਬਰਾੜ )- ਹੁਣ ਸੀਟ ਲੁਧਿਆਣਾ ਜਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਦੀ ਸ਼ਾਨਦਾਰ ਜਿੱਤ ਨੇ 2017 ਦੀਆਂ ਚੋਣਾਂ ਵਿੱਚ ਪਾਰਟੀ ਦੀ ਜਿੱਤ ਦਾ ਮੁੱਢ ਬੰਨ ਦਿੱਤਾ ਹੈ! ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸਟੇਟ ਜੁਆਇੰਟ ਸੈਕਟਰੀ ਸ੍ਰੀਮਤੀ ਭੁਪਿੰਦਰ ਕੌਰ ਸੰਧੂ ਨੇ ਫਿਰੋਜ਼ਪੁਰ ਵਿਖੇ ਪੱਤਰਕਾਰਾਂ ਕੋਲ ਕੀਤਾ! ਉਹਨਾਂ ਕਿਹਾ ਕਿ ਲੁਧਿਆਣਾ ਅਤੇ ਗੁਜਰਾਤ ਵਿੱਚ ਪਾਰਟੀ ਦੀ ਹੋਈ ਸ਼ਾਨਦਾਰ ਜਿੱਤ ਨੇ ਆਪ ਦੇ ਅਹੁਦੇਦਾਰਾਂ ਅਤੇ ਵਰਕਰਾਂ ਵਿੱਚ ਜੋਸ਼ ਭਰ ਦਿੱਤਾ ਹੈ। ਮੈਡਮ ਭੁਪਿੰਦਰ ਕੌਰ ਸੰਧੂ ਨੇ ਕਿਹਾ ਕਿ ਜਿੱਥੇ ਲੁਧਿਆਣਾ ਦੀ ਸ਼ਾਨਦਾਰ ਜਿੱਤ ਨੇ ਪੰਜਾਬ ਸਰਕਾਰ ਵੱਲੋਂ ਕੀਤੇ ਹੋਏ ਅਤੇ ਕੀਤੇ ਜਾ ਰਹੇ ਕੰਮਾਂ ਤੇ ਮੋਹਰ ਲਗਾਈ ਹੈ, ਉੱਥੇ ਗੁਜਰਾਤ ਵਿੱਚ ਹੋਈ ਪਾਰਟੀ ਦੀ ਜਿੱਤ ਨੇ ਪਾਰਟੀ ਦੀਆਂ ਲੋਕ ਪੱਖੀ ਨੀਤੀਆਂ ਤੇ ਮੋਹਰ ਲਗਾ ਦਿੱਤੀ ਹੈ। ਉਹਨਾਂ ਕਿਹਾ ਕਿ ਮਾਨ ਸਰਕਾਰ ਵੱਲੋਂ ਕੀਤੇ ਜਾ ਰਹੇ ਕੰਮਾਂ ਤੋਂ ਲੋਕ ਸੰਤੁਸ਼ਟ ਹਨ ਅਤੇ 2027 ਵਿੱਚ ਸਰਕਾਰ ਰਿਪੀਟ ਕਰੇਗੀ। ਭੁਪਿੰਦਰ ਕੌਰ ਸੰਧੂ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤੂੰ ਲੋਕ ਖੁਸ਼ ਹਨ ਅਤੇ ਨਸ਼ੇ ਤੇ ਕਾਫੀ ਹੱਦ ਤੱਕ ਕੰਟਰੋਲ ਹੋ ਗਿਆ ਹੈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਦਿੱਤੀਆਂ ਜਾ ਰਹੀਆਂ



ਨੌਕਰੀਆਂ ਨਾਲ ਪੰਜਾਬ ਬੇਰੁਜ਼ਗਾਰੀ ਤੋਂ ਮੁਕਤ ਹੋ ਜਾਵੇਗਾ। ਉਹਨਾਂ ਅੱਗੇ ਕਿਹਾ ਕਿ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਲਈ ਸਰਕਾਰ ਵੱਲੋਂ ਯਤਨ ਕੀਤੇ ਜਾ ਰਹੇ ਹਨ।

# ਮੁਹਾਲੀ ਦੀ ਅਦਾਲਤ ਨੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਸੱਤ ਦਿਨ ਦੇ ਰਿਮਾਂਡ ਉਤੇ ਭੇਜਿਆ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 26 ਜੂਨ INTERNATIONAL PAPER, 94636 01616 hardipchumber57@gmail.com



ਮੁਹਾਲੀ ਦੀ ਅਦਾਲਤ ਨੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਸੱਤ ਦਿਨ ਦੇ ਰਿਮਾਂਡ ਉਤੇ ਭੇਜ ਦਿੱਤਾ ਹੈ। ਵਿਜੀਲੈਂਸ ਵੱਲੋਂ ਅੱਜ ਮਜੀਠੀਆ ਨੂੰ ਅਦਾਲਤ ਵਿਚ ਪੇਸ਼ ਕਰਕੇ 12 ਦਿਨ ਦੇ ਰਿਮਾਂਡ ਦੀ ਮੰਗ ਕੀਤੀ ਸੀ। ਅਦਾਲਤ ਨੇ ਸੱਤ ਦਿਨ ਦਾ ਰਿਮਾਂਡ ਦਿੱਤਾ ਹੈ। ਇਸ ਤੋਂ ਪਹਿਲਾਂ ਮਜੀਠੀਆ ਦੀ ਕੋਰਟ ਵਿਚ ਪੇਸ਼ੀ ਦੇ ਮੱਦੇਨਜ਼ਰ ਜ਼ਿਲ੍ਹਾ ਅਦਾਲਤ ਕੰਪਲੈਕਸ ਨੂੰ ਪੁਲਿਸ ਛਾਉਣੀ ਵਿਚ ਤਬਦੀਲ ਕਰ ਦਿੱਤਾ ਗਿਆ ਸੀ। ਬੁੱਧਵਾਰ ਨੂੰ ਹਿਰਾਸਤ ਵਿਚ ਲੈਣ ਮਗਰੋਂ ਇੱਥੇ ਵਿਜੀਲੈਂਸ ਬਿਊਰੋ ਦੇ ਫੇਜ਼-8 ਵਿਚਲੇ ਮੁੱਖ ਦਫ਼ਤਰ ਵਿਖੇ ਲਿਆਂਦਾ ਗਿਆ ਸੀ। ਪੁੱਛ-ਗਿੱਛ ਕੀਤੇ ਜਾਣ ਤੋਂ ਬਾਅਦ ਮਜੀਠੀਆ ਨੂੰ ਮੁਹਾਲੀ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ।ਮੁਹਾਲੀ ਅਦਾਲਤ ਦੇ ਦੋਹਾਂ ਗੇਟਾ ਦੀ ਬੈਰੀਕੇਟਿੰਗ ਕੀਤੀ ਗਈ ਹੈ।

ਦੱਸ ਦਈਏ ਕਿ ਵਿਜੀਲੈਂਸ ਬਿਊਰੋ ਦੇ ਮੁਹਾਲੀ ਸਥਿਤ ਮੁੱਖ ਦਫ਼ਤਰ 'ਚ ਐਫਆਈਆਰ ਨੰਬਰ 22 ਤਹਿਤ ਕੱਲ੍ਹ ਤੜਕੇ 4 ਵਜ ਕੇ 40 ਮਿੰਟ ਉੱਤੇ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਪੀਬੀਐਕਟ 1988 ਅਤੇ ਅਮੈਂਡਮੈਂਟ ਐਕਟ 2018 ਦੇ ਸੈਕਸ਼ਨ 13(1) ਬੀ, ਰ/ਵ 13(2) ਅਧੀਨ ਮੁਕੱਦਮਾ ਦਰਜ ਕੀਤਾ ਗਿਆ ਸੀ।

ਮਜੀਠੀਆ ਨੂੰ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕਰਕੇ ਸ਼ਾਮ ਚਾਰ ਵਜ ਕੇ ਪੰਜ ਮਿੰਟ ਉੱਤੇ ਵਿਜੀਲੈਂਸ ਬਿਊਰੋ ਦੇ ਫੇਜ਼-8 ਵਿਚਲੇ ਮੁੱਖ ਦਫ਼ਤਰ ਵਿਖੇ ਲਿਆਂਦਾ ਗਿਆ। ਮਜੀਠੀਆ ਖ਼ਿਲਾਫ਼ 2021 ਵਿਚ ਦਰਜ ਐੱਫਆਈਆਰ ਦੀ ਜਿੰਟ ਅਤੇ ਵਿਜੀਲੈਂਸ ਬਿਊਰੋ ਵੱਲੋਂ ਕੀਤੀ ਜਾਂਚ ਦੇ ਆਧਾਰ ਉੱਤੇ ਤਾਜ਼ਾ ਕੇਸ ਦਰਜ ਕੀਤਾ ਗਿਆ ਹੈ। ਕੇਸ ਵਿਚ ਜਾਂਚ ਟੀਮ ਵੱਲੋਂ ਮਜੀਠੀਆ ਖ਼ਿਲਾਫ਼ ਸਰੋਤਾਂ ਤੋਂ ਵੱਧ ਜਾਇਦਾਦ ਬਣਾਉਣ ਅਤੇ ਵੱਡੀ ਪੱਧਰ ਉਤੇ ਮਨੀ ਲਾਂਡਰਿੰਗ ਕਰਨ ਦਾ ਦਾਅਵਾ ਕੀਤਾ ਗਿਆ ਹੈ।

# 9 ਜੁਲਾਈ ਦੀ ਦੇਸ਼ ਵਿਆਪੀ ਹੜਤਾਲ ਨੂੰ ਕਾਮਯਾਬ ਕਰਨ ਲਈ ਪਿੰਡਾਂ ਵਿੱਚ ਚਲਾਈ ਜਾਵੇਗੀ ਜਾਗਰੂਕਤਾ ਮੁਹਿੰਮ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 26 ਜੂਨ INTERNATIONAL PAPER, 94636 01616 hardipchumber57@gmail.com







ਸੰਗਰੂਰ,26 ਜੂਨ (ਜਗਸੀਰ ਸਿੰਘ) - ਸੈਂਟਰ ਆਫ਼ ਇੰਡੀਅਨ ਟਰੇਡ ਯੂਨੀਅਨਜ਼ ਸੀਟੂ ਨਾਲ ਸਬੰਧਤ ਮਨਰੇਗਾ ਮਜ਼ਦੂਰ ਯੂਨੀਅਨ ਬਲਾਕ ਲੁਧਿਆਣਾ-2 ਦੇ ਕਨਵੀਨਰ ਸਾਥੀ ਸਿਕੰਦਰ ਬਖ਼ਸ਼ ਮੰਡ ਚੌਂਤਾ,ਬਲਾਕ ਪ੍ਰਧਾਨ ਸਾਥੀ ਜਿੰਦਰ ਸਿੰਘ ਖਾਸੀ ਕਲਾਂ ਜਨਰਲ ਸਕੱਤਰ ਹਰਜਿੰਦਰ ਸਿੰਘ ਸਲੇਮਪੁਰ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ 9 ਜੁਲਾਈ ਦੀ ਦੇਸ਼ ਵਿਆਪੀ ਹੜਤਾਲ 10 ਕੇਂਦਰੀ ਟਰੇਡ ਯੂਨੀਅਨਾਂ ਅਤੇ 60 ਮੁਲਾਜ਼ਮ ਫੈਡਰੇਸ਼ਨਾਂ ਦੇ ਸੱਦੇ ਤੇ ਕੀਤੀ ਜਾਵੇਗੀ। ਇਸ ਹੜਤਾਲ ਨੂੰ ਕਾਮਯਾਬ ਕਰਨ ਲਈ ਪਿੰਡਾਂ ਦੇ ਮਨਰੇਗਾ ਮਜ਼ਦੂਰਾਂ ਨੂੰ ਕੇਂਦਰ ਸਰਕਾਰ ਦੀਆਂ ਮਜ਼ਦੂਰ, ਮੁਲਾਜ਼ਮ, ਕਿਸਾਨ ਅਤੇ ਲੋਕ ਵਿਰੋਧੀ ਨੀਤੀਆਂ ਪ੍ਰਤੀ ਜਾਗਰੂਕ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਮਜ਼ਦੂਰ ਪੱਖੀ 29 ਕਾਨੂੰਨ ਤੋੜ ਕੇ ਕਾਰਪੋਰੇਟ ਅਤੇ ਸਰਮਾਏਦਾਰੀ ਦੀ ਸੇਵਾ ਕਰਨ ਲਈ ਮਜ਼ਦੂਰ ਵਿਰੋਧੀ 4 ਲੇਬਰ ਕੋਡ ਬਣਾ ਦਿੱਤੇ ਹਨ।ਮਨਰੇਗਾ ਕਾਨੂੰਨ ਨੂੰ ਖ਼ਤਮ ਕਰਨ ਲਈ ਬੱਜਟ ਵਿੱਚ ਭਾਰੀ ਕਟੌਤੀਆਂ ਕਰਕੇ 98000/- ਹਜ਼ਾਰ ਕਰੋੜ ਰੁਪਏ ਤੋਂ ਘਟਾ ਕੇ 86000/- ਹਜ਼ਾਰ ਕਰੋੜ ਰੁਪਏ ਕਰ ਦਿੱਤਾ ਹੈ।,ਕਿਸਾਨ ਜੱਥੇਬੰਦੀਆਂ ਨਾਲ ਵਾਅਦੇ ਕਰਕੇ ਮੁੱਕਰ ਗਈ ਸਾਮਰਾਜੀ ਅਮਰੀਕਾ ਨਾਲ ਗੁਪਤ ਸਮਝੌਤੇ ਕਰਕੇ ਦੇਸ਼ ਦੇ ਲੋਕਾਂ ਨੂੰ ਮੁੜ ਗੁਲਾਮ ਬਣਾਉਣ ਲਈ, ਦੇਸ਼ ਦੇ ਪਬਲਿਕ ਸੈਕਟਰ ਨੂੰ ਪ੍ਰਾਈਵੇਟ ਹੱਥਾਂ ਵਿੱਚ ਦਿੱਤਾ ਜਾ ਰਿਹਾ ਹੈ, ਮਨਰੇਗਾ ਕਾਨੂੰਨ ਨੂੰ ਖ਼ਤਮ ਕਰਨ ਲਈ ਪੰਜਾਬ ਸਰਕਾਰ ਵੀ ਕੇਂਦਰ ਸਰਕਾਰ ਦੀ ਪੈੜ ਵਿਚ ਪੈਰ ਧਰ ਰਹੀ ਹੈ। ਜਿਸ ਦੀ ਮੂੰਹ ਬੋਲਦੀ ਤਸਵੀਰ ਹੈ ਕਿ ਸ਼ਾਪ ਐਂਡ ਇਸਟੈਬਲਿਸ਼ਮੈਂਟ ਕਾਨੂੰਨ 1958 ਵਿੱਚ ਸੋਧ ਕਰਕੇ ਕੰਮ ਕਰਨ ਦਾ ਸਮਾਂ 8 ਘੰਟੇ ਤੋਂ 12 ਘੰਟੇ,ਓਵਰ ਟਾਈਮ 50 ਘੰਟੇ ਤੋਂ ਵਧਾ ਕੇ 144 ਘੰਟੇ ਕਰ ਦਿੱਤਾ ਗਿਆ ਹੈ । ਜਿਥੇ 20 ਜਾਂ 20 ਤੋਂ ਘੱਟ ਮਜ਼ਦੂਰ ਕੰਮ ਕਰਦੇ ਹੋਣਗੇ ਉਨ੍ਹਾਂ ਨੂੰ ਕੋਈ ਵੀ ਪ੍ਰਾਵੀਡੈਂਟ ਫੰਡ,ਈ. ਐਸ. ਆਈ. ਦੀ ਸਹੂਲਤ ਨਹੀਂ ਦਿੱਤੀ ਜਾਵੇਗੀ, ਔਰਤਾਂ ਨੂੰ ਰਾਤ ਦੀ ਸ਼ਿਫਟ ਵਿਚ ਕੰਮ ਕਰਨ ਦੀ ਛੋਟ ਵੀ ਖ਼ਤਮ ਕਰ ਦਿੱਤੀ ਹੈ।ਇਸ ਸਬੰਧੀ ਮਜ਼ਦੂਰਾਂ ਨੂੰ ਜਾਗਰੂਕ ਕਰਨ ਲਈ ਅਤੇ 9 ਜੁਲਾਈ ਦੀ ਹੜਤਾਲ ਦੀ ਮਹੱਤਤਾ ਬਾਰੇ ਜਾਣਕਾਰੀ ਦੇਣ ਲਈ ਸੀਟੂ ਪੰਜਾਬ ਦੇ ਸੂਬਾ ਸਕੱਤਰ ਅਤੇ ਮਨਰੇਗਾ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾਈ ਜਨਰਲ ਸਕੱਤਰ ਸਾਥੀ ਅਮਰਨਾਥ ਕੂੰਮਕਲਾਂ ਵੀ ਪਿੰਡ ਪਿੰਡ ਉਨ੍ਹਾਂ ਦੀ ਟੀਮ ਨੂੰ ਪੂਰਨ ਸਹਿਯੋਗ ਦੇਣਗੇ।

# ਨੌਜਵਾਨ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ ਅਤੇ ਪੜ੍ਹਾਈ ਦੇ ਜ਼ਰੀਏ ਆਪਣਾ ਭਵਿੱਖ ਰੁਸ਼ਨਾਉਣ-,, ਡਿਪਟੀ ਕਮਿਸ਼ਨਰ

